
# ਜੀ.ਟੀ.ਰੋਡ



ਬਲਦੇਵ ਸਿੰਘ

Academy of the Punjab in North America: http://www.apnaorg.com

## ਸਮਰਪਣ

ਸੜਕਾਂ ਉਪਰ ਚੱਲਣ ਵਾਲੀਆਂ ਗੱਡੀਆਂ ਦੇ,
ਕਲੀਨਕਾਂ, ਡਰਾਈਵਰਾਂ, ਅਪਰੇਟਰਾਂ ਤੇ ਢਾਬੇ ਵਾਲਿਆਂ
ਦੇ ਨਾਮ

Academy of the Punjab in North America: http://www.apnaorg.com

# ਜੀ. ਟੀ. ਰੋਡ

## (ਇਕ)

'ਲਿੰਕ ਰੋਡ ਤੋਂ ਫਿਰਨੀ ਮੁੜਦਾ ਟਰੱਕ, ਧੂੜ ਉਡਾਉਂਦਾ, ਪਿੰਡ ਦੀਆਂ ਗਲੀਆਂ ਵਿਚੋਂ ਦੀ ਹੁੰਦਾ, ਇਕ ਘਰ ਦੇ ਸਾਹਮਣੇ ਆ ਰੁਕਿਆ। ਗਲੀਆਂ ਦੇ ਬੱਚੇ ਅਚੰਭੇ ਨਾਲ ਟਰੱਕ ਵਲ ਭੱਜ ਕੇ ਆਏ। ਟਰੱਕ ਦੀ ਖਿੜਕੀ ਖੁਲ੍ਹੀ ਤਾਂ ਪਹਿਲਾਂ ਨੋਕਾਂ ਵਾਲੀ ਕੱਢਵੀਂ ਜੁੱਤੀ ਲੋਕਾਂ ਨੂੰ ਦਿੱਸੀ। ਫਿਰ ਬਖਸ਼ੀਸ਼ ਸਿੰਘ ਉਰਫ ਬਾਸ਼ਾ ਛਾਲ ਮਾਰ ਕੇ ਹੇਠਾਂ ਉਤਰਿਆ।

—ਧਹਵਾਂ ਚਾਦਰਾ, ਕਲੀਆਂ ਵਾਲਾ ਕੁੜਤਾ, ਸਿਰ ਦੇ ਵਾਲ ਪਹਿਲਵਾਨਾਂ ਵਾਂਗ ਨਿੱਕੇ ਨਿੱਕੇ, ਹੱਥ ਵਿਚ ਡੱਬੀਦਾਰ ਸਾਫਾ। ਉਤਰਦੇ ਨੇ ਪਹਿਲਾਂ ਜੁੱਤੀ ਝਾੜੀ, ਫਿਰ ਮੁੱਛਾਂ ਦੇ ਕੁੰਢ ਠੀਕ ਕੀਤੇ। ਫਿਰ ਹੈਲਪਰ ਨੂੰ ਕਿਹਾ,

—ਖ਼ਿਆਲ ਰੱਖੀਂ, ਜੁਆਕ ਚੌੜ ਕਰਦੇ ਸ਼ੀਸ਼ੇ 'ਤੇ ਝਰੀਟਾਂ ਨਾ ਪਾ ਦੇਣ।' ਉਹ ਕੁਝ ਦੂਰ ਪਿਛਾਂਹ ਹੱਟ ਕੇ ਗੱਡੀ ਨੂੰ ਨਿਹਾਰਦਾ ਰਿਹਾ, ਫਿਰ ਆਪਣੇ ਘਰ ਅੰਦਰ ਚਲਿਆ ਗਿਆ।

ਇਕ ਪਾਸੇ ਦਰੱਖ਼ਤ ਦੀ ਛਾਵੇਂ ਬੈਠੇ ਕੁਝ ਲੋਕ ਬਾਸ਼ੇ ਦੀ ਟੌਹਰ ਵਲ ਰਸ਼ਕ ਨਾਲ ਵੇਖਦੇ ਰਹਿ ਗਏ।.

—ਪਤਾ ਨੀ ਕੀ ਖਾਂਦੈ, ਸੂਰ ਆਂਗੂ ਫਿੱਟਿਆ ਪਿਆ।' ਬਾਸ਼ੇ ਦੀ ਭਾਰੀ ਸਿਹਤ ਵੇਖ ਕੇ ਇਕ ਬੋਲਿਆ।

—ਦਾਰੂ ਪੀਣੀ, ਮੁਰਗੇ ਖਾਣੇ—, ਨਾ ਫ਼ਿਕਰ ਨਾ ਫਾਕਾ—, ਮੋਟੇ ਹੋਣ ਤੇ ਈ ਐ। ਆਪਾਂ ਨੂੰ ਤਾਂ ਸਾਲੇ ਸੌ ਫ਼ਿਕਰ ਵੱਢ ਵੱਢ ਖਾਂਦੇ ਐ।' ਇਕ ਹੋਰ ਬੋਲਿਆ।

—ਮੇਰਾ ਤਾਂ ਜੀਅ ਕਰਦੈ, ਮੈਂ ਏਹਦੇ ਨਾਲ ਈ ਉਠ ਜਾਂ। ਨੌਕਰੀ ਤਾਂ ਮਿਲਦੀ ਨੀ ਕੋਈ। ਬਾਰ੍ਹਾਂ ਪੜ੍ਹਕੇ ਈ ਖੂਹ 'ਚ ਪਾਤੀਆਂ। ਬਾਸ਼ਾ ਮੇਰੇ ਨਾਲ ਪੜ੍ਹਦਾ ਰਿਹਾ ਸੀ, ਪੰਜਵੀਂ ਤੱਕ। ਸੋ ਹੁਣ ਕੀ ਮਾੜੈ। ਮੈਂ ਵਿਹਲਾ ਫਿਰਦਾ, ਏਹ ਦੇਖ ਲੋ



Academy of the Punjab in North America: http://www.apnaorg.com

ਐਸ਼ਾਂ ਕਰਦਾ ਐ। ਟੌਹਰ ਵੇਖੀ ਐ ? ਚਾਲ੍ਹੀ ਕਿੱਲਿਆਂ ਦਾ ਮਾਲ਼ਕ ਵੀ ਐਨੀ ਟੌਹਰ ਨੀ ਕੱਢ ਸਕਦਾ।' ਗੁਰਦੇਵ ਬੋਲਿਆ, ਉਹ ਬਾਰਾਂ ਜਮਾਤਾਂ ਪੜ੍ਹਕੇ ਦੋ ਸਾਲ ਹੋਗੇ ਵਿਹਲਾ ਫਿਰਦਾ ਸੀ।

—ਤੂੰ ਕਿਥੇ ਡਰੈਵਰੀ ਕਰਲੇਂਗਾ ? ਸਿਰ ਦੇ ਕਾਂ ਜਿੰਨੀ ਖਾਣੀ ਪੈਂਦੀ ਐ।' ਇਕ ਅਮਲੀ ਬੋਲਿਆ।

—ਕਿਉਂ ਡਰਾਈਵਰੀ ਕਰਨ ਤੇ ਮੈਨੂੰ ਕੀ ਮਿਰਗੀ ਆਉਂਦੀ ਐ ? ਉਹ ਵੀ ਬੰਦੇ ਈ ਹੁੰਦੇ ਐ।' ਗੁਰਦੇਵ ਬੋਲਿਆ।

—ਮੈਂ ਤਾਂ ਤੀਜੇ ਦਿਨ ਈ ਭੱਜ ਆਇਆ ਸੀ। ਏਸੇ ਨਾਲ ਈ ਗਿਆ ਸੀ, ਬਾਸ਼ੇ ਨਾਲ। ਆਂਹਦਾ ਮੇਰੀ ਨਿੱਕਰ ਧੋ ਦੇ। ਮੈਂ ਆਖਿਆ, ਨੀਕਰ ਤਾਂ ਮੈਂ ਕਦੇ ਆਵਦੀ ਨੀ ਧੋਤੀ ਮਹੀਨਾ ਮਹੀਨਾ, ਤੇਰੀ ਕਿਵੇਂ ਧੋ ਦਿਆਂ.. ? ਤੇ ਯਾਰ ਫੇਰ ਬੋਹੜ ਥੱਲੇ ਆ ਗੇ।' ਅਮਲੀ ਦੀ ਗੱਲ ਤੇ ਸਾਰੇ ਹੱਸ ਪਏ।

—ਗੁਣ ਲੈਣਾ ਹੋਵੇ ਤਾਂ ਨੀਕਰਾਂ ਵੀ ਧੋਣੀਆਂ ਪੈਂਦੀਆਂ।' ਇਕ ਹੋਰ ਬਜ਼ੁਰਗ ਬੋਲਿਆ।

ਕੋਈ ਘੰਟੇ ਕੁ ਬਾਅਦ ਗੁਰਦੇਵ ਟਰੱਕ ਵਲ ਵੇਂਹਦਾ ਵੇਂਹਦਾ, ਬਾਸ਼ੇ ਦੇ ਘਰ ਅੰਦਰ ਚਲਿਆ ਗਿਆ। ਬਾਸ਼ਾ ਘਰ ਹੀ ਸੀ। ਮੰਜੇ ਦੇ ਪਾਵੇ ਨਾਲ ਸੰਤਰਾ ਸ਼ਰਾਬ ਦੀ ਬੋਤਲ ਪਈ ਸੀ, ਤੇ ਬਾਸ਼ੇ ਦੀਆਂ ਅੱਖਾਂ ਸੰਧੂਰੀ ਸਨ।

—ਆ ਵਈ ਗੁਰਦੇਵ ਕੀ ਹਾਲ ਐ ਤੇਰਾ...?' ਬਾਸ਼ਾ ਉਠ ਕੇ ਮਿਲਿਆ।

—ਮੈਂ ਸੋਚਿਆ, ਆਪਣੇ ਯਾਰ ਨੂੰ ਈ ਮਿਲ ਆਈਏ। ਐਤਕੀਂ ਤਾਂ ਬੜੇ ਚਿਰਾਂ ਪਿਛੋਂ ਗੇੜਾ ਮਾਰਿਐ।' ਗੁਰਦੇਵ, ਬਾਸ਼ੇ ਦੇ ਬੈਠਣ ਮਗਰੋਂ ਮੰਜੇ ਦੀ ਦੌਣ ਤੇ ਬੈਠਦਾ ਬੋਲਿਆ।

—ਠੀਕ ਹੋਕੇ ਬੈਠ ਯਾਰ !' ਬਾਸ਼ਾ ਇਕ ਪਾਸੇ ਖਿਸਕਿਆ।

—ਨਹੀਂ ਠੀਕ ਐਂ ਮੈਂ।'

—ਗਲਾਸ ਮੰਗਾਵਾਂ ? ਲੈਣੀ ਐਂ ਘੁੱਟ ?' ਬਾਸ਼ੇ ਨੇ ਪਈ ਬੋਤਲ ਵਲ ਇਸ਼ਾਰਾ ਕੀਤਾ।

—ਜਿਉਂਦੇ ਰਹਿ...! ਮੈਂ ਪੀਂਦਾ ਈ ਨੀ।.. ਦਰਅਸਲ, ਬਾਈ ਜੀ ਸਾਥੋਂ ਪਿੰਡਾਂ ਆਲਿਆਂ ਤੋਂ ਐਹੋ ਜੇਹੇ ਖਰਚੇ ਝੱਲੇ ਨੀ ਜਾਂਦੇ। ਹੋਰ ਈ ਝਮੇਲੇ ਪੱਟੀਆਂ ਨੀ ਥੱਝਣ ਦਿੰਦੇ।' ਗੁਰਦੇਵ ਸੱਚ ਆਖ ਗਿਆ।

Academy of the Punjab in North America: http://www.apnaorg.com

—ਕੀ ਹਾਲ ਐ ਫਿਰ ਤੇਰੀ ਪੜ੍ਹਾਈ ਦਾ। ਕਿੰਨਾ ਕੁ ਪੜ੍ਹ ਗਿਐਂ? ਵੱਡਾ ਅਫਸਰ ਬਣੇਂਗਾ......।'

—ਕਿਥੇ? ਪੜ੍ਹਾਈ ਛੱਡੀ ਨੂੰ ਤਾਂ ਦੋ ਸਾਲ ਹੋਗੇ। ਵਿਹਲਾ ਫਿਰਦੈਂ...।' ਗੁਰਦੇਵ ਨੇ ਉਦਾਸੀ ਨਾਲ ਕਿਹਾ।

—ਵਿਹਲਾ ਕਾਹਨੂੰ ਫਿਰਨੈਂ। ਚੱਲ ਮੇਰੇ ਨਾਲ। ਕਰਾਵਾਂ ਤੈਨੂੰ ਦੁਨੀਆਂ ਦੀ ਸੈਰ।' ਬਾਸ਼ੇ ਨੇ ਪੈਂਗ ਪਾਇਆ।

—ਦੇਖ ਲਾ, ਮੈਂ ਤਾਂ ਚੱਲਣ ਨੂੰ ਤਿਆਰ ਐਂ। ਨੌਕਰੀ ਮਿਲਦੀ ਨੀ। ਵਾਹੀ ਜੋਗੀ ਜ਼ਮੀਨ ਨੀ। ਵਿਹਲੇ ਫਿਰਦਿਆਂ ਨੂੰ ਤਾਂ ਪੁਲਸ ਵੀ ਸ਼ੱਕੀ ਬੰਦੇ ਈ ਸਮਝਦੀ ਐ।'

—ਹੋ ਜਾ ਤਿਆਰ ਫੇਰ ਕੱਲ੍ਹ ਨੂੰ। ਪਹਿਲਾਂ ਆਪਣੇ ਘਰੇ ਸਲਾਹ ਕਰ ਲੀਂ। ਫੇਰ ਮਗਰੇ ਈ ਚਿੱਠੀਆਂ ਆਉਂਦੀਆਂ ਹੁੰਦੀਐਂ। ਆਪਾਂ ਤਾਂ ਘਰੋਂ ਇਕ ਵਾਰ ਨਿਕਲੇ ਫੇਰ ਦੋ ਤਿੰਨ ਮਹੀਨੇ ਪਿਛੋਂ ਈ ਗੇੜਾ ਮਾਰੀਦੈ। ਦਿੱਲੀਓਂ ਕਲਕੱਤਾ, ਕਲਕੱਤਿਓਂ ਬੰਬੇ, ਬੰਬਿਓਂ ਮਦਰਾਸ.. ਚੱਲ ਸੋ ਚੱਲ...।'

—ਟਰੱਕ ਤਾਂ ਖਾਲੀ ਐ...?' ਗੁਰਦੇਵ ਨੇ ਪੁੱਛਿਆ।

—ਦਿਲੀਓਂ ਲੋਡ ਕਰਾਂਗੇ। ਦਿੱਲੀ ਦਾ ਮਾਲ ਸੀ, ਸੋਚਿਆ ਚੱਲ੍ਹ ਪਿੰਡ ਮਿਲ ਆਈਏ। ਯਾਰਾਂ ਬੇਲੀਆਂ ਦੀ ਖੈਰ ਸੁੱਖ ਪੁੱਛ ਆਵਾਂਗੇ।...ਆਹ ਪੈਰਾਂ 'ਚ ਪਈ ਐ ਦਿੱਲੀ। ਕੱਲ੍ਹ ਨੂੰ ਉਥੇ...'

—ਦਿਲੀਓਂ ਐਨੀ ਦੂਰ ਪਿੰਡ ਆ ਗਿਆ—, ਮਾਲਕ ਗੁੱਸੇ ਨਾ ਹੋਊ...?' ਗੁਰਦੇਵ ਨੇ ਹੈਰਾਨੀ ਨਾਲ ਪੁੱਛਿਆ।

—ਗੁੱਸੇ ਹੋਊ ਤਾਂ ਆਪਣਾ ਕੀ ਲੈ ਜੂ? ਲਸੰਸ ਜੇਬ 'ਚ ਐ, ਸਾਫਾ ਮੋਢੇ ਤੇ। ਕਿਸੇ ਹੋਰ ਦੀ ਗੱਡੀ ਚਲਾਲਾਂਗੇ। ਘਾਈਆਂ ਨੇ ਘਾਹ ਈ ਖੋਤਣੈ। ਆਪਾਂ ਐਂ ਨੱਕ ਤੇ ਮੱਖੀ ਨੀ ਬਹਿਣ ਦੇਈਦੀ।'...

ਗੁਰਦੇਵ ਸ਼ਰਾਬੀ ਬਾਸ਼ੇ ਦੀਆਂ ਗੱਲਾਂ ਅਚੰਭੇ ਨਾਲ ਸੁਣਦਾ ਰਿਹਾ। ਫਿਰ ਬਾਸ਼ਾ ਉਠ ਖੜ੍ਹਾ ਹੋਇਆ।

—ਮੈਂ ਹੈਲਪਰ ਨੂੰ ਸਮਝਾ ਆਵਾਂ। ਗਡੀ 'ਚ ਧੂਫ-ਬੱਤੀ ਕਰਨੀ ਐਂ।' ਤੇ ਉਹ ਦੋਵੇਂ ਬਾਹਰ ਆ ਗਏ।

ਹੈਲਪਰ ਸਾਹਮਣੇ ਟਾਇਰ ਨਾਲ ਲੱਗਾ ਬੈਠਾ ਸੀ। ਬਾਸ਼ਾ ਤੇ ਗਰਦੇਵ ਨੂੰ

Academy of the Punjab in North America: http://www.apnaorg.com

ਆਉਂਦਾ ਵੇਖ ਉਠ ਖੜਾ ਹੋਇਆ। ਬਾਸ਼ੇ ਨੇ ਗਡੀ ਦੇ ਦੁਆਲੇ ਗੇੜਾ ਦਿੱਤਾ। ਟਾਇਰਾਂ ਨੂੰ ਗਹੁ ਨਾਲ ਵੇਖਿਆ। ਸ਼ੀਸ਼ੇ ਤੇ ਹੱਥ ਫੇਰਿਆ। ਫਿਰ ਉਸ ਨੇ ਹੈਲਪਰ ਨੂੰ ਬੁਲਾਇਆ—'ਜੀਤੂ ਇੱਧਰ ਆ।'

—ਆਇਆ ਉਸਤਾਦ।' ਜਿਵੇਂ ਕਮਾਂਡਰ ਸਾਹਮਣੇ ਸਿਪਾਹੀ ਅਟੈਨਸ਼ਨ ਹੁੰਦਾ ਹੈ, ਹੈਲਪਰ ਇਉਂ ਬਾਸ਼ੇ ਕੋਲ ਆਣ ਖੜ੍ਹਾ।

'ਗੱਡੀ 'ਚ ਧੂਫ ਲਾ ਦੇ, ਤੇ ਇਕ ਵਾਰੀ ਸਟਾਰਟ ਕਰਕੇ, ਬੱਤੀਆਂ ਜਗਾ ਕੇ ਮੱਥਾ ਟੇਕ ਕੇ ਬੰਦ ਕਰ ਦੇ। ਫੇਰ ਰੋਟੀ ਖਾ ਆਈਂ...।' ਆਖ ਕੇ ਬਾਸ਼ਾ ਤੇ ਗੁਰਦੇਵ ਪਿੰਡ ਵਲ ਤੁਰ ਪਏ।

ਉਦੋਂ ਹੀ ਮੋਟਰ ਸਾਈਕਲ ਤੇ ਦੋ ਸਿਪਾਹੀ ਉਹਨਾਂ ਕੋਲ ਆਕੇ ਰੁਕੇ। ਉਹਨਾਂ ਬਾਸ਼ੇ ਨੂੰ ਪੁੱਛਿਆ—'ਇਹ ਟਰੱਕ ਕੀਹਦਾ?'

—ਪਤਾ ਨਹੀਂ ਮੈਂ ਤਾਂ ਲਾਹਮੋਂ ਆਇਐਂ।'

—ਇਹਦਾ ਡਰਾਈਵਰ ਕਿਥੇ ਹੋਊ...?' ਦੂਸਰੇ ਸਿਪਾਹੀ ਨੇ ਪੁੱਛਿਆ।

—ਪਤਾ ਨਹੀਂ।' ਆਖਕੇ ਉਹ ਤੁਰ ਚੱਲੇ ਤਾਂ ਪਿਛੋਂ ਸਿਪਾਹੀ ਨੇ ਫੇਰ ਅਵਾਜ਼ ਮਾਰੀ 'ਸੁਣੋਂ।' ਉਹ ਰੁਕ ਗਏ।

ਸਿਪਾਹੀ ਕੁਝ ਪਲ ਖੜ੍ਹੇ ਸੋਚਦੇ ਰਹੇ, ਫਿਰ ਬੋਲੇ—'ਜਾਓ...ਜਾਓ...' ਤੇ ਉਹ ਮੋਟਰ ਸਾਈਕਲ ਤੇ ਜਿਵੇਂ ਆਏ ਸਨ, ਉਵੇਂ ਚਲੇ ਗਏ।

—ਤੂੰ ਝੂਠ ਕਾਹਤੋਂ ਮਾਰਿਆ, ਉਹਨਾਂ ਕੋਲ?' ਹੈਰਾਨ ਹੋਏ ਗੁਰਦੇਵ ਨੇ ਪੁੱਛਿਆ।

—ਇਹ ਝੂਠ ਥੋੜ੍ਹਾ ਈ ਸੀ? ਉਹ ਵੀ ਕਿਸੇ ਦਾਅ ਤੇ ਆਏ ਸਨ, ਆਪਾਂ ਵੀ ਦਾਅ ਖੇਡ ਦਿਤਾ। ਆਏ ਕਿਸੇ ਹੋਰ ਕੰਮ ਹੋਣਗੇ। ਟਰੱਕ ਦੇਖ ਕੇ ਲਾਲਾਂ ਵਗ ਤੁਰੀਆਂ ਹੋਣਗੀਆਂ, ਸੋਚਦੇ ਹੋਣਗੇ...ਚੱਲ ਟਰੱਕ ਡਰਾਇਵਰ ਤੋਂ ਬੋਤਲ ਖਰੀ ਕਰ ਲੈਨੇ ਐਂ। ਉਹਨਾਂ ਨੂੰ ਇਹ ਨੀ ਪਤਾ...ਬਾਸ਼ਾ ਤਾਂ ਉਹਨਾਂ ਦੇ ਪਿਉਆਂ ਦਾ ਵੀ ਪਿਉ ਐ।..'

ਦੋਵੇਂ ਹੱਸ ਪਏ।

—ਮੈਂ ਫੇਰ ਤਿਆਰ ਰਵਾਂ ਕੱਲ੍ਹ...?' ਗੁਰਦੇਵ ਨੇ ਗੰਭੀਰਤਾ ਨਾਲ ਪੁੱਛਿਆ।

—ਅੰਦਰਲਾ ਚਿੱਤ ਮੰਨਦਾ ਤਾਂ ਵੇਖ ਲਾ। ਕੇਰਾਂ ਤਾਂ ਡਰੇਵਰਾਂ ਦੀ ਰੰਨ ਬਣਕੇ ਕੱਟਣਾ ਪਊ।'

Academy of the Punjab in North America: http://www.apnaorg.com

— ਤੇਰਾ ਯਾਰ ਐਂ । ਕੱਠੇ ਪੜ੍ਹਦੇ ਰਹੇ ਐਂ ਚਾਹੇ ਰੰਨ ਬਣਾ ਕੇ ਰੱਖੀਂ, ਚਾਹੇ ਖਸਮ। ਮੇਰੀ ਜ਼ਿੰਦਗੀ ਤਾਂ ਇਥੇ ਨਾ ਹੋਇਆਂ ਵਰਗੀ ਐ । ਕੰਧਾਂ ਕੌਲੇ ਕੱਛਦਾ ਫਿਰਦਾਂ ਤੇਰੇ ਨਾਲ ਜਾਕੇ ਮੈਂ ਵੀ ਚਾਰ ਵਰ੍ਹੇ ਜਿਉਂ ਕੇ ਵੇਖ ਲਾਂ ਚੱਜ ਨਾਲ, ਫੇਰ, ਵੇਖੀ ਜਾਊ ।'

—ਵੇਖੀ ਜਾਊ ਫਿਰ । ਹੋ ਜਾ ਤਿਆਰ ।' ਬਾਸ਼ੇ ਨੇ ਲਾ-ਪਰਵਾਹੀ ਨਾਲ ਕਿਹਾ । ਕੱਲ੍ਹ ਮਿਲਣ ਦਾ ਵਾਅਦਾ ਕਰਕੇ ਦੋਵੇਂ ਆਪਣੇ ਆਪਣੇ ਰਾਹ ਪੈ ਗਏ ।

ਘਰ ਆਕੇ ਗੁਰਦੇਵ ਨੇ ਆਪਣੇ ਮਾਂ-ਪਿਉ ਨਾਲ ਗੱਲ ਕੀਤੀ ।

— ਵੇ ਪੁੱਤ ਟਰੱਕਾਂ ਵਾਲਿਆਂ ਦੀ ਤਾਂ ਜੂਨ ਨੀ ਹੁੰਦੀ ਕੋਈ । ਕਿਥੇ ਰੁਲਦਾ ਫਿਰੇਂਗਾ ਪਰਦੇਸਾਂ 'ਚ ।' ਮਾਂ ਨੇ ਸ਼ੰਮਾ ਕੀਤਾ ।

—ਕਿਹੜੇ ਪਰਦੇਸ ਬੇਬੇ ? ਬਾਸ਼ਾ ਕਹਿੰਦਾ...ਦਿੱਲੀ ਤਾਂ ਉਹਦੇ ਪੈਰਾਂ ਵਿਚ ਪਈ ਐ । ਨਾਲੇ ਜਦੋਂ ਕਦੋਂ ਇਧਰ ਦਾ ਗੇੜਾ ਲਗਿਆ ਕਰੂ, ਆਕੇ ਮਿਲ ਜਿਆ ਕਰਾਂਗੇ । ਹੁਣ ਵੇਹਲਾ ਈ ਫਿਰਦਾਂ ।'

—ਤੇਰੀ ਮਰਜ਼ੀ ਐ ਗੁਰਦੇਵ, ਬਗਾਨਿਆਂ ਦੇ ਅਧੀਨ ਰਹਿਣਾ ਬਹੁਤ ਔਖਾ ਹੁੰਦਾ ।' ਪਿਉ ਨੇ ਮੱਤ ਦਿਤੀ ।

—ਕੋਈ ਨਾ ਬਾਪੂ, ਅਵਾਰਾ ਫਿਰਨ ਨਾਲੋਂ ਤਾਂ ਅਧੀਨਗੀ ਚੰਗੀ ਐ ਆਪਾਂ ਨੂੰ । ਮੇਰੇ ਨਾਲ ਦੇ ਦੋ ਵਿਹਲੇ ਫਿਰਦੇ ਸੀ, ਚੱਕੀ ਫਿਰਦੇ ਐ ਨਾ ਬੰਦੂਕਾਂ ਹੁਣ ? ਘਰਦਿਆਂ ਨੂੰ ਪੁਲਸ ਘੜੀਸੀ ਫਿਰਦੀ ਐ । ਉਦੂੰ ਤਾਂ ਚੰਗਾ ਐ ।...ਡਰੈਵਰ ਵੀ ਬੰਦੇ ਈ ਹੁੰਦੇ ਐ ?'

ਫਿਰ ਉਸਨੂੰ ਕਿਸੇ ਨਾ ਰੋਕਿਆ ।

ਸਵੇਰੇ ਉਹ ਤਿਆਰ ਹੋਕੇ ਬਾਸ਼ੇ ਕੋਲ ਆ ਗਿਆ । ਉਸਦਾ ਬਾਪੂ ਅਤੇ ਬੇਬੇ ਤੋਰਨ ਆਏ ।

ਬਾਸ਼ੇ ਦੀ ਮਾਂ, ਉਸਦੀ ਘਰ ਵਾਲੀ ਤੇ ਦੋ ਛੋਟੇ ਬੱਚੇ ਵੀ ਓਦਰੇ ਜਿਹੇ ਬਾਸ਼ੇ ਨੂੰ ਤਿਆਰ ਹੁੰਦੇ ਵੇਖ ਰਹੇ ਸਨ ।

ਜਦੋਂ ਦੋਵੇਂ ਮਾਵਾਂ ਭਰੀਆਂ ਅੱਖਾਂ ਨਾਲ ਆਪਣੇ ਪੁੱਤਰਾਂ ਨੂੰ ਪਿਆਰ ਦੇ ਰਹੀਆਂ ਸਨ, ਉਦੋਂ ਬਾਸ਼ੇ ਦੀ ਘਰ ਵਾਲੀ ਚੁਪ ਚਾਪ ਉਦਾਸ ਜਿਹੀ ਖੜੀ ਉਸ ਵਲ ਵੇਖ ਰਹੀ ਸੀ । ਬੱਚੇ ਬਾਸ਼ੇ ਦੀਆਂ ਲੱਤਾਂ ਨਾਲ ਚਿੰਬੜੇ ਹੋਏ ਸਨ ।

Academy of the Punjab in North America: http://www.apnaorg.com

## (ਦੋ)

ਟਰੱਕ ਯੂਨੀਅਨ ਦੇ ਦਫਤਰ ਸਾਹਮਣੇ ਮਾਲਕਾਂ ਡਰਾਈਵਰਾਂ ਦੀ ਭੀੜ ਸੀ। ਸ਼ਾਇਦ ਪਹਿਲਾਂ ਦੀ ਕੋਈ ਪੇਮੈਂਟ ਮਿਲ ਰਹੀ ਸੀ। ਆਰਾਮ ਘਰ ਵਿਚ ਕੁਝ ਡਰਾਈਵਰ ਪਏ ਸਨ। ਕੁਝ ਤਾਸ਼ ਖੇਡ ਰਹੇ ਸਨ। ਇਕ ਮਾਲਕ ਆਪਣੇ ਡਰਾਈਵਰ ਤੋਂ ਹਿਸਾਬ ਲੈ ਰਿਹਾ ਸੀ। ਚਾਰ ਚੁਫੇਰੇ ਅਗੜ-ਦੁਗੜੇ ਟਰੱਕ ਖੜ੍ਹੇ ਸਨ।

ਹਿਸਾਬ ਦੇ ਰਿਹਾ ਡਰਾਈਵਰ ਇਕ ਕਾਪੀ 'ਚੋਂ ਪੜ੍ਹ-ਪੜ੍ਹ ਕੇ ਦੱਸ ਰਿਹਾ ਸੀ।

—ਡੀਜ਼ਲ ਤਿੰਨ ਸੌ ਵੀਹਾਂ ਦਾ। ਰਾਹ ਵਿਚ ਰੇਡੀਏਟਰ ਠੀਕ ਕਰਾਇਆ, ਚਾਲੀ ਲੱਗੇ ਤੇ ਬਿਹਾਰ 'ਚ ਪੁਲੀਸ ਖਰਚਾ ਸੌ ਰੁਪਈਆ।'

—ਪੁਲਸ ਵਾਲੇ ਤੈਨੂੰ ਬੜੇ ਮਿਲਦੇ ਐ ਹਰ ਵਾਰ ?' ਮਾਲਕ ਔਖਾ ਹੋਇਆ।

—ਇਕ ਦਿਨ ਨਾਲ ਜਾ ਕੇ ਵੇਖ ਲਾ। ਉਦੋਂ ਤਾਂ ਰਜਾਈ 'ਚੋ ਮੂੰਹ ਬਾਹਰ ਕੱਢੇ ਤੋਂ ਵੀ ਪਾਲਾ ਲੱਗਦੈ ਥੋਨੂੰ ? ਅਸੀਂ ਬਾਹਰ ਕੱਕਰਾਂ 'ਚ ਠੁਰ ਠੁਰ ਕਰਦੇ ਫਿਰਦੇ ਹੁੰਨੇ ਐ...!'

—ਠੁਰ ਠੁਰ ਤੂੰ ਮੇਰੀ ਖਾਤਰ ਤਾਂ ਨੀ ਕਰਦਾ। ਆਵਦੇ ਢਿੱਡ ਦੀ ਖ਼ਾਤਰ ਕਰਦੈਂ। ਨਾਲੇ ਇਹ ਗੱਲ ਮੁੜ ਕੇ ਨਾ ਸੁਣਾਈਂ ਮੈਨੂੰ। ਏਹੀ ਕੰਮ ਕਰਦਾ ਰਿਹਾਂ ਮੈਂ। ਮੇਰੀ ਗੱਡੀ ਤੇ ਮਨ-ਆਈਆਂ ਨੀ ਹੋਣਗੀਆਂ। ਮੇਰੇ ਵੀ ਖਰਚੇ ਐ, ਕਦੇ ਟਾਇਰ, ਕਦੇ ਟੈਕਸ, ਕਦੇ ਐਕਸੀਡੈਂਟ।...ਆਪ ਤਾਂ ਸਾਫ਼ਾ ਮੋਢੇ ਤੇ ਰੱਖ ਕੇ ਪਾਸੇ ਹੋ ਜਾਨੇ ਐਂ...।' ਮਾਲਕ ਹਰਖਿਆ।

—ਤੈਨੂੰ ਹਿਸਾਬ ਦੇਤਾ, ਆਪਾਂ ਤੋਂ ਖਿੱਚ-ਖਿੱਚ ਵਿਚ ਗੱਡੀ ਨੀ ਚੱਲਣੀ, ਤੂੰ ਕੋਈ ਡਰਾਈਵਰ ਹੋਰ ਭਾਲ।'

—ਆਹ ਗੇੜਾ ਲਾਇਆ। ਮੈਂ ਡਰੈਵਰ ਦਾ ਬੰਦੋਬਸਤ ਕਰਕੇ ਰੱਖੂੰ। ਧਮਕੀਆਂ ਆਪਾਂ ਵੀ ਨੀ ਝੱਲਣੀਆਂ।'

—ਨੱਕ ਤੇ ਮੱਖੀ ਆਪਾਂ ਵੀ ਨੀ ਬਹਿਣ ਦਿੱਤੀ ਅਜੇ ਤਾਈਂ ਫਿਰ। ਤੂੰ ਹੋਰ ਡਰੈਵਰ ਰੱਖ ਕੇ ਵੇਖ ਲਾ, ਤੈਨੂੰ ਚੰਗੇ ਮਾੜੇ ਦੀ ਪਰਖ ਵੀ ਆ ਜੂ।'



Academy of the Punjab in North America: http://www.apnaorg.com

ਉਦੋਂ ਹੀ ਤਾਸ਼ ਖੇਡਣ ਵਾਲੀ ਢਾਣੀ ਵਿਚ ਰੌਲਾ ਪੈ ਗਿਆ। ਉਹ ਜੁੱਤੀਓ ਜੁੱਤੀ ਹੋ ਗਏ। ਇਕ ਤਾਂ ਦੂਸਰੇ ਦੇ ਦੋ ਤਿੰਨ ਜੜ੍ਹ ਵੀ ਗਿਆ। ਦੋ ਤਿੰਨ ਛਡਾਉਣ ਲੱਗੇ।

—ਸਾਲਾ ਦੁੱਕੀ ਲਕੋਂਦੈ।' ਉਸ ਨੇ ਜੁੱਤੀ ਪੈਰ 'ਚ ਪਾਉਂਦਿਆਂ ਕਿਹਾ।

—ਤੂੰ ਪਹਿਲਾਂ ਏਹਤੋਂ ਬੇਗੀ ਨੀ ਫੜੀ, ਆਵਦੇ ਜੀਜੇ ਤੋਂ।'

—ਜੀਜਾ ਹੋਊ ਤੇਰਾ..., ਸਾਲਾ ਕੁੱਤਾ ਨਾ ਹੋਵੇ।'

—ਜੀਜਾ ਹੋਊ ਏਹ ਆਪਣੀ ਭੈਣ ਦਾ...।'

—ਖੜ੍ਹ ਜਾਹ ਤੇਰੀ...।' ਉਹ ਫੇਰ ਜੁੱਤੀ ਲੈ ਕੇ ਮਗਰ ਪਿਆ ਤਾਂ ਦੂਸਰਿਆਂ ਨੇ ਫੜ੍ਹ ਲਿਆ। ਪਾਸੇ ਖੜ੍ਹੇ ਤਾੜੀਆਂ ਮਾਰਕੇ ਤਮਾਸ਼ਾ ਦੇਖ ਰਹੇ ਸਨ।

ਰੌਲਾ ਪੈਂਦਾ ਸੁਣਕੇ, ਯੂਨੀਅਨ ਦਾ ਪ੍ਰਧਾਨ ਤੇ ਮੈਂਬਰ ਆ ਗਏ।

—ਕੀ ਗੱਲ ਹੋ ਗਈ ਬਈ ?' ਪ੍ਰਧਾਨ ਨੇ ਪੁੱਛਿਆ।

—ਤਾਸ਼ ਖੇਡਦੇ ਲੜ ਪੇ।' ਇਕ ਨੇ ਦੱਸਿਆ।

—ਥੋਨੂੰ ਆਖਿਆ ਸੀ, ਯੂਨੀਅਨ ਦੇ ਅੰਦਰ ਤਾਸ਼ ਨੀ ਖੇਡਣੀ।'

ਸਾਰੇ ਚੁੱਪ ਹੋ ਗਏ।

—ਲੈ ਹੁਣ ਤਾਂ ਜਿਹੜਾ ਕੁਸ਼ ਹੋ ਗਿਆ, ਹੋ ਗਿਆ। ਅੱਜ ਤੋਂ ਬਾਅਦ ਜਿਹੜਾ ਮਾਲਕ ਜਾਂ ਡਰਾਈਵਰ ਤਾਸ਼ ਖੇਡਦਾ ਫੜ ਲਿਆ, ਉਹਨੂੰ ਸੌ ਰੁਪਈਆ ਜੁਰਮਾਨਾ ਹੋਊ। ਤੇ ਜੇ ਉਹਨੇ ਜੁਰਮਾਨਾ ਨਾ ਦਿੱਤਾ, ਉਸਦੀ ਗੱਡੀ ਦੀ ਪੁਕਾਰ ਵੀ ਨੀ ਹੋਣੀ।' ਪ੍ਰਧਾਨ ਨੇ ਫੈਸਲਾ ਸੁਣਾਇਆ।

—ਯੂਨੀਅਨ ਦੇ ਅੰਦਰ ਤਾਸ਼ ਨੀ ਖੇਡਣੀ ਕਿ ਕਿਤੇ ਵੀ ਨੀ ਖੇਡਣੀ...?' ਇਕ ਘੁਣਤਰੀ ਨੇ ਪੁੱਛਿਆ।

—ਬਾਹਰ ਭਾਵੇਂ ਗੂਹ ਖਾਈ ਜਾਓ ਸਾਡੇ ਵਲੋਂ। ਯੂਨੀਅਨ ਦੇ ਅੰਦਰ ਨੀ ਤਾਸ਼ ਖੇਡਣੀ।' ਪ੍ਰਧਾਨ ਨੇ ਸਪੱਸ਼ਟ ਕੀਤਾ ਤੇ ਉਹ ਮੈਂਬਰਾਂ ਨਾਲ ਬਾਹਰ ਚਲਿਆ ਗਿਆ।

ਉਦੋਂ ਹੀ ਪੁਕਾਰ ਦੀ ਘੰਟੀ ਵੱਜੀ। ਸਾਰੇ ਡਰਾਈਵਰ ਉਧਰ ਨੂੰ ਭੱਜ ਤੁਰੇ।

— ਇਹ ਕੀ ਹੋ ਗਿਆ ?' ਗੁਰਦੇਵ ਨੇ ਹੈਰਾਨ ਹੋ ਕੇ ਪੁੱਛਿਆ।

—ਜਿੰਨਾ ਮਾਲ ਬੁੱਕ ਹੋਇਆ, ਉਹ ਨੰਬਰ ਸਿਰ ਗੱਡੀਆਂ ਲੋਡ੍ਹ ਹੋਣ ਜਾਣਗੀਆਂ।' ਬਾਸ਼ੇ ਨੇ ਸਮਝਾਇਆ।

Academy of the Punjab in North America: http://www.apnaorg.com

—ਹੱਛਾ !' ਗੁਰਦੇਵ ਹੋਰ ਹੈਰਾਨ ਹੋਇਆ ।

—ਤੇ ਹੋਰ ਕੀ, ਨਹੀਂ ਤਾਂ ਤਾਸ਼ ਖੇਡਣ ਵਾਲਿਆਂ ਵਾਂਗੂੰ ਮਾਲ ਲੋਡ ਕਰਨ ਪਿੱਛੇ ਈ ਜੁੱਤੀਓ-ਜੁੱਤੀ ਹੁੰਦੇ ਰਹਿਣ ਰੋਜ਼... ।'

ਇਕ ਪਾਸੇ ਖੜ੍ਹੇ ਦੋਵੇਂ ਪੁਕਾਰ ਕਰਨ ਵਾਲੇ ਵੱਲ ਵੇਖਣ ਲੱਗੇ । ਉਹ ਕਿਹੜੇ ਸ਼ਹਿਰ ਦਾ ਕੀ ਮਾਲ ਸੀ ਤੇ ਕਿੰਨਾ ਸੀ, ਕੀ ਰੇਟ ਸੀ...ਦੱਸ ਰਿਹਾ ਸੀ ਤੇ ਨੰਬਰ ਵਾਲੀ ਗੱਡੀ ਦੇ ਮਾਲਕ ਜਾਂ ਡਰਾਈਵਰ ਤੋਂ ਪੁੱਛ ਰਿਹਾ ਸੀ...ਉਸਨੇ ਲੋਡ ਕਰਨਾ ਹੈ ਜਾਂ ਨਹੀਂ ..।

—ਸ਼ਾਇਦ ਆਪਣਾ ਯਾਰ ਵੀ ਐਥੇ ਮਿਲੂ ਹੁਣ ।' ਡਰਾਈਵਰਾਂ ਦੀ ਭੀੜ ਵੇਖ ਕੇ ਬਾਸ਼ੇ ਨੇ ਆਸ ਪ੍ਰਗਟਾਈ ।

ਕੁਝ ਦੇਰ ਬਾਅਦ ਭੀੜ ਖਿੰਡੀ ਤਾਂ ਬਾਸ਼ੇ ਨੇ ਮਾਹਲੇ ਨੂੰ ਸਿਆਣਿਆ । ਉਹ ਭੱਜ ਕੇ ਗਿਆ ਤੇ ਉਸਨੂੰ ਜੱਫੀ ਪਾ ਲਈ, ਫਿਰ ਦੋਵੇਂ ਗੁਰਦੇਵ ਵੱਲ ਆ ਗਏ ਤੇ ਬਾਹਰ ਚਾਹ ਦੇ ਖੋਖੇ ਤੇ ਆ ਕੇ ਚਾਹ ਦਾ ਆਰਡਰ ਦੇ ਦਿੱਤਾ ।

—ਪਤੰਦਰਾ ਰੱਬ ਈ ਬਣ ਗਿਆ ਤੂੰ.. ਦਿੱਸਿਆ ਈ ਨੀ...।' ਮਾਹਲੇ ਨੇ ਬਾਸ਼ੇ ਦਾ ਹੱਥ ਘੁਟਿਆ ਪਿਆਰ ਨਾਲ ।

—ਗੇੜਾ ਈ ਨੀ ਲੱਗਿਆ ਏਧਰ ਦਾ । ਹੁਣ ਵੀ ਦਿੱਲੀਓਂ ਖ਼ਾਲੀ ਆਇਐਂ ।'

—ਆ ਬਾਈ ਕੌਣ ਐਂ ਨਾਲ...?' ਮਾਹਲੇ ਨੇ ਗੁਰਦੇਵ ਵੱਲ ਇਸ਼ਾਰਾ ਕੀਤਾ ।

—ਆਪਣੇ ਪਿੰਡੋਂ ਈ ਐ...। ਏਹ ਵੀ ਆਪਣੇ ਭਾਈਚਾਰੇ 'ਚ ਰਲਣ ਆਇਐ ।'

—ਪਹਿਲਾਂ ਏਹਨੂੰ ਬਾਬਿਆਂ ਦੀ ਨਗਰੀ ਦੇ ਦਰਸ਼ਨ ਕਰਾ ਲਿਆ ਫੇਰ ?' ਮਾਹਲੇ ਨੇ ਕਿਹਾ ।

—ਉਧਰ ਜਾਇਆ ਨੀ ਜਾਣਾ । ਏਥੇ ਵੀ ਮਾਲਕ ਨੂੰ ਬਿਨਾਂ ਦੱਸੇ ਈ ਆਇਐਂ ? ਬਾਹਲੇ ਦਿਨ ਲੱਗਗੇ ਤਾਂ ਔਖਾ ਹੋਊਗਾ ।'...ਬਾਸ਼ਾ ਚਾਹੁੰਦਾ ਸੀ, ਦਿੱਲੀ ਛੇਤੀ ਪਹੁੰਚੇ ।

—ਮੈਂ ਉਥੇ ਕਣਕ ਲੈ ਕੇ ਜਾਣੀ ਐ, ਲੰਗਰ ਵਾਸਤੇ । ਹਰ ਸਾਲ ਇਕ ਟਰੱਕ ਜਾਂਦੈ । ਅੱਜ ਦੁਪਿਹਰ ਨੂੰ ਉਥੇ ਤੇ ਸ਼ਾਮ ਨੂੰ ਏਸੇ । ਰਾਤ ਨੂੰ ਤੁਰ ਪਿਉ ਦਿੱਲੀ

Academy of the Punjab in North America: http://www.apnaorg.com

ਨੂੰ । ਟਰੱਕ ਆਪਣਾ ਲੱਡੂ ਖੜ੍ਹੈ । ਨਾਲੇ ਬਾਬਿਆਂ ਦੇ ਦਰਸ਼ਨ ਨਾਲੇ ਪੂਨਾ ਦਰਬਾਰ ਸਾਹਬ ਮੱਥਾ ਟੇਕ ਆਵਾਂਗੇ ।...ਕੀ ਆਂਹਦੇ...?' ਆਖ ਕੇ ਮਾਹਲੇ ਨੇ ਬਾਸ਼ੇ ਨੂੰ ਅੱਖਾਂ ਦੇ ਦੋਵੇਂ ਭਰਵੱਟੇ ਉਤਾਂਹ ਚੁੱਕ ਕੇ ਘੂਰਿਆ ।

—ਕਿਉਂ ਬਈ...?' ਬਾਸ਼ੇ ਨੇ ਗੁਰਦੇਵ ਨੂੰ ਪੁੱਛਿਆ ।

—ਤੇਰੀ ਮਰਜ਼ੀ ਐ ।'

—ਚੱਲ ਫੇਰ, ਜਿਹੜੀ ਹੋਊ ਲੋਕਾਂ ਨਾਲ ਵੇਖੀ ਜਾਊ । ਮੈਂ ਆਪਣੇ ਹੈਲਪਰ ਨੂੰ ਸਮਝਾ ਦਿਆਂ । ਗੱਡੀ ਦਾ ਖਿਆਲ ਰੱਖੇ ।'

... ... ... ...

ਕੁਝ ਦੇਰ ਮਗਰੋਂ, ਮਾਹਲੇ ਦਾ ਟਰੱਕ ਜੀ.ਟੀ. ਰੋਡ ਤੇ ਜਾ ਰਿਹਾ ਸੀ । ਟੇਪ ਰੀਕਾਰਡਰ ਵੱਜ ਰਿਹਾ ਸੀ । ਤਲਵੰਡੀ ਫੀਰੋਜ਼ਪੁਰ ਚੌਂਕ 'ਚ ਪੁਲੀਸ ਦਾ ਨਾਕਾ ਲੱਗਿਆ ਹੋਇਆ ਸੀ । ਟਰੱਕਾਂ ਦੀ ਲੰਮੀ ਕਤਾਰ ਦੇ ਪਿੱਛੇ ਉਹ ਵੀ ਰੁੱਕ ਗਏ । ਹੇਠਾਂ ਉਤਰ ਆਏ ।

ਇਕ ਹੋਰ ਡਰਾਈਵਰ ਤੋਂ ਪਤਾ ਲੱਗਿਆ, ਰਾਤ ਗੋਲੀ ਚੱਲ ਗਈ ਇਧਰ, ਪੂਰੀ ਤਲਾਸ਼ੀ ਲੈ ਕੇ ਜਾਣ ਦਿੰਦੇ ਐ ।

ਉਹ ਹੌਲੀ-ਹੌਲੀ ਤੁਰਦੇ ਚੌਕ ਤੱਕ ਆ ਗਏ ।

ਟਰਾਂਸਪੋਰਟ ਅਫਸਰ, ਟਰੈਫਿਕ ਵਾਲੇ, ਸੀ.ਆਰ.ਪੀ. ਸਭ ਹਰਕਤ ਵਿਚ ਸਨ । ਬੱਸਾਂ ਦੀ ਇਕ ਇਕ ਸਵਾਰੀ ਚੈੱਕ ਕੀਤੀ ਜਾ ਰਹੀ ਸੀ । ਟਰੱਕਾਂ ਦੀ ਪਰੀ ਛਾਣ-ਬੀਣ ਹੋ ਰਹੀ ਸੀ । ਦੂਰ-ਨੇੜੇ ਜਾਣ ਵਾਲੀਆਂ ਸਵਾਰੀਆਂ, ਬੇਹੱਦ ਪਰੇਸ਼ਾਨ ਸਨ ।

ਉਦੋਂ ਹੀ, ਫਰੀਦਕੋਟ ਵਾਲੇ ਪਾਸਿਉਂ ਆਉਂਦੀ ਇਕ ਵੈਨ (ਮੈਟਾਡੋਰ) ਸਿਪਾਹੀ ਨੇ ਹੱਥ ਦੇ ਕੇ ਰੋਕ ਲਈ ।

ਡਰਾਈਵਰ ਨੇ ਗੱਡੀ ਸਾਈਡ ਕੀਤੀ, ਤੇ ਸਟਰਿੰਗ ਤੇ ਬੈਠਾ ਹੀ ਬੋਲਿਆ...।

—ਜਨਾਬ ਮਕਾਣ ਲੈ ਕੇ ਚੱਲਿਆਂ । ਭੋਗ ਤੇ ਪਹੁੰਚਣਾ ।'

—ਕਾਗਜ਼ ਲੈ ਕੇ ਹੇਠਾਂ ਉਤਰ ਪਹਿਲਾਂ, ਫੇਰ ਵੇਖਾਂਗੇ ਤੂੰ ਭੋਗ ਤੇ ਪਹੁੰਚਦੈਂ ਕਿ ਠਾਣੇ ਪਹੁੰਚਦੈਂ । ਸਿਪਾਹੀ ਰੁੱਖਾ ਬੋਲਿਆ ।

Academy of the Punjab in North America: http://www.apnaorg.com

ਡਰਾਈਵਰ ਸੀਟ ਤੇ ਹੀ ਬੈਠਾ ਰਿਹਾ। ਕਦੇ ਗੱਡੀ ਵਿਚਲਾ ਬਕਸਾ ਖੋਹਲ ਲਵੇ ਕਦੇ ਬੰਦ ਕਰ ਦੇਵੇ।

ਉਸਨੂੰ ਇਸ ਤਰ੍ਹਾਂ ਕਰਦਾ ਵੇਖਕੇ ਇਕ ਤੀਵੀਂ ਬੋਲੀ—'ਤੂੰ ਭਾਈ ਹੈਂਅ ਜੀ ਕਰੀ ਜਾਨੈਂ...ਕਾਗਜ਼ ਦਿਖਾਦੇ ਜਾ ਕੇ। ਜਾਂਦਿਆਂ ਨੂੰ ਭੋਗ ਪੈ ਗਿਆ, ਫੇਰ ਜਿਹੋ ਜੇ ਗਏ, ਜਿਹੋ ਜੇ ਨਾ ਗਏ।'

—ਉਹ ਗੱਡੀ ਦੇ ਕਾਗਜ਼ ਮੰਗਦੇ ਐ...?' ਡਰਾਈਵਰ ਨੇ ਲਾਚਾਰੀ ਵਖਾਈ।

—ਕਾਗਜ਼ ਦੇ ਦੇ ਤੂੰ...।'

—ਵਾਹ ਮਾਈ! ਏਹਨਾਂ ਨੂੰ ਕਾਗਜ਼ ਦਿੱਤੇ, ਫੇਰ ਨੀ ਸੁੱਕੇ ਮੁੜਦੇ।'

—ਫੇਰ ਅਸੀਂ ਜਾਈਏ ਉਹਨਾਂ ਕੋਲੇ?' ਕੁਝ ਬੁੜ੍ਹੀਆਂ ਬੋਲੀਆਂ।

—ਤੁਸੀਂ ਕੀ ਕਰੋਗੀਆਂ ਉਥੇ?' ਡਰਾਈਵਰ ਹੈਰਾਨ ਹੋਇਆ।

—ਤੈਨੂੰ ਫੇਰ ਈ ਦਸਾਂਗੀਆਂ। ਆਉ ਨੀ..., ਆਪਾਂ ਨੂੰ ਮੂੰਹ 'ਚ ਤਾਂ ਨਾ ਪਾ ਲੈਣਗੇ। ਆਖਾਂਗੀਆਂ ਭਾਈ ਸਾਨੂੰ ਜਾਣ ਦੇ ਭੋਗ ਤੇ ਜਾਣੈ...।'

ਉਹ ਸਾਰੀਆਂ ਉਤਰ ਕੇ ਟਰਾਂਸਪੋਰਟ ਅਫਸਰ ਕੋਲ ਚਲੀਆਂ ਗਈਆਂ।

—ਵੇ ਵੀਰਾ ਅਸੀਂ ਛੇਤੀ ਜਾਣੈ।' ਇਕ ਬੋਲੀ।

—ਕੌਣ ਨੇ ਏਹ? ਇਹਨਾਂ ਨੂੰ ਪਿਛਾਂਹ ਕਰ।' ਅਫਸਰ ਨੇ ਆਪਣੇ ਸੁਰੱਖਿਆ ਕਰਮਚਾਰੀ ਨੂੰ ਹੁਕਮ ਦਿੱਤਾ।

—ਵੇ ਭਾਈ ਸਾਨੂੰ ਕਵੇਲਾ ਹੋ ਜੂ, ਤੇਰੀ ਮਿੰਨਤ ਕਰਦੀ ਆਂ। ਭੋਗ ਤੇ ਜਾਣੈ। ਗੱਭਰੂ ਪੁੱਤ ਮਰ ਗਿਆ ਅਗਲਿਆਂ ਦਾ।'...ਇਕ ਹੋਰ ਨੇ ਹੱਥ ਜੋੜੇ।

—ਡਰਾਈਵਰ ਨੂੰ ਘੱਲ ਸਾਡੇ ਕੋਲ।' ਅਫਸਰ ਨੇ ਹੁਕਮ ਦਿੱਤਾ।

—ਵੇ ਵੀਰਾ, ਉਹ ਤੋਂ ਕੀ ਲੈਣਾ?'

—ਬੈਠੀਆਂ ਰਹੁ ਫੇਰ ਏਥੇ ਈ।' ਅਫਸਰ ਗੁੱਸੇ ਨਾਲ ਬੋਲਿਆ।

—ਲੈ ਹੈ—ਬੈਠੀਆਂ ਕਿਵੇਂ ਰਹੀਏ?' ਕੁਝ ਹਰਖੀਆਂ

—ਹੋਰ ਕੀ ਕਰੋਗੀਆਂ?' ਅਫਸਰ ਹੋਰ ਗਰਮੀ 'ਚ ਆ ਗਿਆ।

—ਕਰਨਾ ਕੀ ਐ? ਮਕਾਣ ਚੱਲੀਆਂ ਸੀ, ਉਥੇ ਵੀ ਰੋਣਾ ਸੀ, ਹੁਣ ਐਥੇ ਰੋ ਲੈਨੀ ਐਂ।'...

—ਆਉ ਨੀ ਏਹਨਾਂ ਨੂੰ ਈ ਰੋ ਲੀਏ।' ਇਕ ਹੋਰ ਨੇ ਕਿਹਾ।

Academy of the Punjab in North America: http://www.apnaorg.com

ਸਾਰੀਆਂ ਰੋਣ ਪਿੱਟਣ ਲੱਗੀਆਂ ।

ਇਕ ਨੇ ਵੈਣ ਪਾਇਆ ।...

—ਥੋਨੂੰ ਮੰਗਿਆਂ ਪਾਣੀ ਨਾ ਮਿਲੇ ਵੇ ਪੁੱਤ ਪਿਟਿਆਂ ਦਿਉ...

—ਥੋਡੀਆਂ ਲਾਲ ਚਿੱਟੀਆਂ ਪੱਟੀਆਂ ਨਾਲ ਆਪਣੇ ਜੁਆਕਾਂ ਦੇ ਨਕ ਪੂੰਝਾਂ ਵੇ ।...

—ਥੋਡੇ ਨਾ ਕੋਈ ਅੱਗੇ ਨਾ ਪਿੱਛੇ ਰਹੇ, ਮੈਂ ਨੰਗੇ ਪੈਰੀਂ ਪਿੱਟਦੀ ਆਵਾਂ ਵੇ...।

ਉਹਨਾਂ ਚੀਕ ਚਿਹੜਾ ਪਾ ਦਿੱਤਾ । ਡਰਾਈਵਰਾਂ, ਹੈਲਪਰਾਂ ਤੇ ਸਵਾਰੀਆਂ ਦਾ ਇਕੱਠ ਹੋ ਗਿਆ । ਅਫਸਰ ਘਬਰਾ ਗਿਆ ।

ਉਸਨੇ ਮੈਟਾਡੋਰ ਦੇ ਡਰਾਈਵਰ ਨੂੰ ਦੂਰੋਂ ਹੀ ਆਵਾਜ਼ ਮਾਰੀ—'ਲੈ ਜਾ ਉਏ ਏਹਨਾਂ ਚੁੜੇਲਾਂ ਨੂੰ ਏਥੋਂ ।'

ਰੋਂਦੀਆਂ ਤੀਵੀਆਂ ਮੈਟਾਡੋਰ ਵਿਚ ਆ ਬੈਠੀਆਂ । ਇਕ ਤੀਵੀਂ ਦਾ ਹਾਸਾ ਨਿਕਲ ਗਿਆ । ਪਾਸੇ ਖੜ੍ਹੀ ਭੀੜ ਨੇ ਵੀ ਤਾੜੀਆਂ ਮਾਰੀਆਂ ।

ਜਦੋਂ ਡਰਾਈਵਰ ਮੈਟਾਡੋਰ ਸਟਾਰਟ ਕਰਕੇ ਤੁਰਿਆ ਤਾਂ ਇਕ ਬੋਲੀ...

—ਅਸੀਂ ਤਾਂ ਭੂਤਾਂ ਅਰਗੀਆਂ ਹੁੰਨੀਐਂ ।'

ਬਾਸ਼ਾ ਤੇ ਗੁਰਦੇਵ ਵੀ ਬੜੇ ਖੁਸ਼ ਹੋਏ । ਕੁਝ ਦੇਰ ਬਾਅਦ ਪੁਲੀਸ ਵਾਲਿਆਂ ਨਾਕਾ ਚੁੱਕ ਲਿਆ ਤੇ ਸਾਰੇ ਤੁਰ ਪਏ ।

ਜਦੋਂ ਉਹ ਜ਼ੀਰਾ ਕੋਲ ਪਹੁੰਚੇ, ਉਥੇ ਫਿਰ ਨਾਕਾ ਲੱਗਿਆ ਹੋਇਆ ਸੀ ।

ਬੜੀ ਸਖ਼ਤ ਛਾਣਬੀਣ ਹੋ ਰਹੀ ਸੀ ।

—ਏਹ ਤਾਂ ਕੰਜਰ ਤੁਰਨ ਹੀ ਨੀ ਦਿੰਦੇ ।' ਬਾਸ਼ਾ ਬੜਾ ਦੁੱਖੀ ਹੋਇਆ ।

—'ਜੀ.ਟੀ. ਰੋਡ ਐ ਕਿ ਜੇਹਲਖਾਨੈਂ ? ਡਰੈਵਰ ਟਾਈਮ ਸਿਰ ਪੁਹਚੂੰ ਕਿਵੇਂ, ਮੁੜੂ ਕਿਵੇਂ ?'...

ਨਾਕੇ ਤੇ ਸਾਹਮਣੇ ਅੰਮ੍ਰਿਤਸਰ ਵਾਲੇ ਪਾਸਿਓਂ ਉਸਨੇ ਕਲਕੱਤੇ ਦੀ ਗੱਡੀ ਪਛਾਣ ਲਈ ।...'ਆਹ ਤਾਂ ਜੰਟਾ ਲਗਦੈ, ਇਹ ਕਦੋਂ ਆਇਆ ?' ਉਸਨੇ ਆਪਣੇ ਆਪ ਨੂੰ ਪੁੱਛਿਆ ਤੇ ਟਰੱਕ ਦੇ ਸਾਹਮਣੇ ਹੱਥ ਦੇ ਕੇ ਰੋਕ ਲਿਆ ।

Academy of the Punjab in North America: http://www.apnaorg.com

—ਉਹ ਬਾਸ਼ਿਆ ਤੂੰ, ਐਧਰ ਕਿਧਰ ? ਗੱਡੀ ਕਿਥੇ ਐ...? ਤੂੰ ਤਾਂ ਦਿੱਲੀ ਬਾਡਰ ਤੇ ਸੀ ?' ਇਕੋ ਸਾਹੇ ਜੰਟਾ ਕਈ ਸੁਆਲ ਪੁੱਛ ਗਿਆ।

—ਅੰਬਰਸਰ ਚਲੇ ਐਂ। ਪਿੰਡ ਗੇੜਾ ਮਾਰਨ ਆ ਗਿਆ ਸੀ।...'

—ਬਾਡਰ ਤੇ ਤੇਰੇ ਮਾਲਕ ਦਾ ਫੋਨ ਆਇਆ ਸੀ। ਟਰਾਂਸਪੋਰਟ ਦੇ ਮੈਨੇਜਰ ਨੇ ਕਹਿਤਾ ਏਥੇ ਤਾਂ ਹੈ ਨੀ। ਔਖਾ ਭਾਰਾ ਹੁੰਦਾ ਸੀ।' ਜੰਟੇ ਨੇ ਦੱਸਿਆ।

—ਗੁਰਦੇਵ ਆਪਾਂ ਯਾਰ ਮੁੜ ਚੱਲੀਏ। ਜੇ ਚਿੱਤ ਈ ਦਿੱਲੀ ਬਾਡਰ ਤੇ ਫਿਰਦਾ ਰਿਹਾ, ਅੰਬਰਸਰ ਜਾ ਕੇ ਕੀ ਕਰਾਂਗੇ। ਤਿੰਨ ਚਾਰ ਦਿਨ ਹੋਗੇ ਆਇਆਂ ਨੂੰ, ਮਾਲਕ ਤਾਂ ਟੱਪੂਗਾ ਈ। ਹੁਣ ਨੂੰ ਤਾਂ ਲੋਡੂ ਕਰਕੇ ਕਲਕੱਤੇ ਹੋਣਾ ਸੀ, ਜੇ ਪਿੰਡ ਨਾ ਆਉਂਦਾ।'...

ਫੇਰ ਉਹ ਮਾਹਲੇ ਕੋਲ ਆ ਗਿਆ, ਤੇ ਉਸਨੂੰ ਕਿਹਾ—ਉਹ ਮੁੜਨਾ ਚਾਹੁੰਦਾ ਹੈ। ਜੰਟੇ ਤੋਂ ਸੁਣੀ ਗੱਲ ਵੀ ਦੱਸੀ।

—ਤੇਰੀ ਮਰਜੀ ਐ। ਜੇ ਕਰਮਾਂ 'ਚ ਨਹੀਂ ਦਰਸ਼ਨ ਕਰਕੇ ਲਿਖੇ ਤਾਂ ਠੀਕ ਐ।' ਮਾਹਲੇ ਨੇ ਕਿਹਾ।

ਤੇ ਉਹ ਦੋਵੇਂ ਜੰਟੇ ਨਾਲ ਬੈਠ ਕੇ...ਫਿਰ ਯੂਨੀਅਨ ਲਾਗੇ ਖੜ੍ਹੇ ਆਪਣੇ ਟਰੱਕ ਕੋਲ ਆ ਉਤਰੇ। ਹੈਲਪਰ ਅੰਦਰ ਸੁੱਤਾ ਪਿਆ ਸੀ। ਜਗਾਇਆ। ਸ਼ੀਸ਼ੇ ਤੇ ਕੱਪੜਾ ਮਾਰਨ ਲਈ ਕਿਹਾ। ਹੈਲਪਰ ਨੇ ਸ਼ੀਸ਼ਾ ਸਾਫ਼ ਕੀਤਾ।

ਬਾਸ਼ੇ ਨੇ ਗੱਡੀ ਸਟਾਰਟ ਕੀਤੀ ਤੇ ਤੁਰ ਪਏ।

—ਹੁਣ ਦਿੱਲੀ ਬਾਡਰ ਤੇ ਜਾ ਕੇ ਈ ਰੁਕਾਂਗੇ।' ਆਖ ਕੇ ਬਾਸ਼ੇ ਨੇ ਟੇਪ ਰੀਕਾਰਡਰ ਵਿਚ ਚਮਕੀਲੇ ਦੀ ਕੈਸਟ ਫਸਾ ਦਿੱਤੀ।

—0—

Academy of the Punjab in North America: http://www.apnaorg.com

## (ਤਿੰਨ)

ਦੁਪਹਿਰੇ ਇਕ ਹੋਟਲ ਤੇ ਉਹ ਰੋਟੀ ਖਾਣ ਰੁਕੇ।

ਹੋਟਲ ਤੇ ਵਿਆਹ ਵਰਗੀ ਰੌਣਕ ਸੀ। ਕੋਈ ਚਾਹ ਪੀ ਰਿਹਾ ਸੀ। ਕੋਈ ਨਹਾ ਰਿਹਾ ਸੀ। ਕੋਈ ਡਰਾਈਵਰ ਸੌਂ ਰਿਹਾ ਸੀ। ਗੱਡੀਆਂ ਦੇ ਖਲਾਸੀ, ਕੋਈ ਕਪੜੇ ਧੋ ਰਿਹਾ ਸੀ, ਕੋਈ ਆਪਣਾ ਟਰੱਕ ਧੋ ਰਿਹਾ ਸੀ।

ਹੋਟਲ ਤੇ ਟੇਪ ਰੀਕਾਰਡਰ ਵੱਜ ਰਿਹਾ ਸੀ। ਅੱਠ-ਦਸ ਨੌਕਰ ਊਰੀ ਵਾਂਗ ਘੁੰਮ ਰਹੇ ਸਨ। ਡਰਾਈਵਰ ਦੇ ਮੂੰਹੋਂ ਗੱਲ ਬਾਅਦ ਵਿਚ ਨਿਕਲਦੀ ਸੀ, ਸਮਾਨ ਪਹਿਲਾਂ ਹਾਜ਼ਰ ਹੁੰਦਾ ਸੀ। ਗੁਰਦੇਵ ਇਹ ਸਾਰਾ ਕੁਝ ਇਕ ਅਚੰਭੇ ਜਿਹੇ ਨਾਲ ਵੇਖ ਰਿਹਾ ਸੀ। ਉਸ ਲਈ ਇਹ ਸਾਰਾ ਕੁਝ ਕਿਸੇ ਵੱਖਰੇ ਸੰਸਾਰ ਦਾ ਹਿੱਸਾ ਸੀ।

ਰੋਟੀ ਖਾ ਕੇ ਉਹ ਫਿਰ ਤੁਰ ਪਏ। ਦਿੱਲੀ ਬਾਰਡਰ ਤੇ ਪਹੁੰਚ ਕੇ ਗੁਰਦੇਵ ਨੇ ਦੇਖਿਆ, 'ਅਰੇ ਬਾਪ ਰੇ ਏਥੇ ਤਾਂ ਟਰੱਕਾਂ ਦਾ ਮੇਲਾ ਲੱਗਿਆ ਪਿਐ। ਐਨੇ ਤਾਂ ਫਰੀਦਕੋਟ ਵਾਲੀ ਮੰਡੀ 'ਚ ਪਸ਼ੂ ਨੀਂ ਹੁੰਦੇ।' ਉਸਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ।

ਉਹ ਆਪਣੀ ਟਰਾਂਸਪੋਰਟ ਤੇ ਆਏ ਤਾਂ ਮੈਨੇਜਰ ਉੱਚਾ-ਨੀਵਾਂ ਹੋਇਆ।

—ਤੇਰੇ ਮਾਲਕ ਦਾ ਦੋ ਵਾਰੀ ਫੋਨ ਆ ਚੁੱਕਾ, ਤੂੰ ਕਿਥੇ ਸੈਰਾਂ ਕਰਦਾ ਫਿਰਦੈਂ ?'

—ਸੈਰਾਂ ਮੈਂ ਕਾਹਦੀਆਂ ਕਰਦਾਂ। ਗੱਡੀ ਨੀ ਠੀਕ ਆਉਂਦੀ। ਬਰੇਕ ਈ ਨੀਂ ਬਣਦੇ, ਦੋ ਦਿਨ ਹੋ ਗਏ ਟੱਕਰਾਂ ਮਾਰਦਿਆਂ ਨੂੰ। ਵ੍ਹੀਲ ਸਲੰਡਰ ਬਦਲ ਲਏ, ਮਾਸਟਰ ਸਲੰਡਰ ਨਵਾਂ ਲਾ ਤਾ, ਫੇਰ ਵੀ ਉਹੀ ਹਾਲ ਐ। ਜਾਂ ਚੱਕੇ ਜਾਮ ਹੋ ਜਾਂਦੇ ਐ, ਜਾਂ ਫਿਰ ਜਮਾਂ ਈ ਨੀਂ ਲੱਗਦੇ। ਹੁਣ ਮਾੜੀ-ਮੋਟੀ ਗੱਲ ਬਣੀ ਐ, ਪਰ ਪਤਾ ਅਜੇ ਵੀ ਨੀਂ...' ਬਾਸ਼ੇ ਨੇ ਸਾਫ਼ੇ ਨਾਲ ਮੂੰਹ ਪੂੰਝਦਿਆਂ ਕਿਹਾ ਤੇ ਗੁਰਦੇਵ ਵੱਲ ਝਾਕ ਕੇ ਅੱਖ ਦੱਬੀ।

—ਬਹਾਨੇ ਤਾਂ ਬਥੇਰੇ ਐ ਥੋਡੇ ਕੋਲ। ਗੱਡੀ ਲਾ ਛੇਤੀ, ਲੋਡ ਕਰਨੀ ਐ।'



Academy of the Punjab in North America: http://www.apnaorg.com

ਮੈਨੇਜਰ ਨੇ ਕਿਹਾ—'ਮੈਂ ਪਰਸੋਂ ਦਾ ਮਾਲ ਰੱਖੀ ਬੈਠਾਂ, ਜੇ ਕੋਈ ਹੋਰ ਟਰੱਕ ਲੋਡ ਕਰਾ ਦਿੰਦਾ, ਬੈਠਾ ਰਹਿੰਦਾ ਏਥੇ ਈ ਦਸ ਦਿਨ। ਅਗਾਂਹ ਦੋ ਛੁੱਟੀਆਂ ਤੇ ਪਰਸੋਂ ਭਾਰਤ ਬੰਦ ਐ।'

ਬਾਸ਼ੇ ਨੇ ਗੱਡੀ ਬੈਕ ਕਰਕੇ ਲਾ ਦਿੱਤੀ। ਕੁਲੀਆਂ ਨੇ ਡਾਲਾ ਖੋਲ੍ਹਿਆ ਤੇ ਲੰਮੇ ਫੱਟੇ ਲਾ ਕੇ ਲੋਡ ਕਰਨ ਦੀ ਤਿਆਰੀ ਕਰ ਲਈ।

—ਆਪਾਂ ਚਾਹ ਪੀ ਆਈਏ।' ਬਾਸ਼ਾ ਗੁਰਦੇਵ ਨੂੰ ਬਾਹੋਂ ਫੜ ਕੇ ਲੈ ਤੁਰਿਆ!

—ਜੀਤੂ ਨਗਾਂ ਦਾ ਖਿਆਲ ਰੱਖੀ।' ਦੂਰੋਂ ਹੀ ਉਸਨੇ ਹੈਲਪਰ ਨੂੰ ਕਿਹਾ।

ਘੰਟੇ ਕੁ ਵਿਚ ਗੱਡੀ-ਲੋਡ ਹੋ ਗਈ। ਉਹਨਾਂ ਮਿਲ ਕੇ ਤਰਪਾਲ ਕੱਢੀ। ਚਾਰ-ਚੁਫੇਰੇ ਘੁੰਮ ਕੇ ਬਾਸ਼ੇ ਨੇ ਰੱਸੇ ਚੈੱਕ ਕੀਤੇ। ਟਰਾਂਸਪੋਰਟ ਤੋਂ ਬਿਲਟੀ ਲਈ, ਐਡਵਾਂਸ ਲਿਆ।

ਸੂਰਜ ਛਿਪ ਰਿਹਾ ਸੀ। ਪਰ ਅਜੇ ਹਨੇਰਾ ਨਹੀਂ ਸੀ ਹੋਇਆ।

—ਤੜਕੇ ਚੱਲਾਂਗੇ ਹੁਣ?' ਗੁਰਦੇਵ ਨੇ ਪੁਛਿਆ।

—ਵਾਹ! ਫੇਰ ਤਾਂ ਪਹੁੰਚ ਗੇ ਆਪਾਂ? ਹੁਣੇ ਤੁਰਨੈ...ਤੇ ਫਿਰ ਸਾਰੀ ਰਾਤ ਚੱਲ ਸੋ ਚੱਲ, ਚੱਲ ਸੋ ਚੱਲ...।'

ਜੀਤੂ ਨੇ ਧੂਫ ਲਾਈ। ਮੋਬਿਲ ਚੈੱਕ ਕੀਤਾ। ਰੇਡੀਏਟਰ ਵਿਚ ਪਾਣੀ ਪਾਇਆ। ਟਾਇਰ, ਡੰਡੇ ਨਾਲ ਡੰਗੋਰੇ। ਫਿਰ ਆ ਕੇ ਬਾਸ਼ੇ ਨੂੰ ਕਿਹਾ, 'ਉਸਤਾਦ ਡੀਜ਼ਲ ਲੈਣਾ ਪਊ ਰਾਹ 'ਚੋਂ...ਥੋੜ੍ਹਾ ਈ ਐ।'

—ਕੋਈ ਨਾ...ਲੈ ਲਾਂਗੇ। ਚੱਲੀਏ ਫਿਰ?'

—ਚਲੋ!'

—ਟਾਇਰ ਠੀਕ ਐ?'

—ਸਭ ਕੁਝ ਫਿੱਟ ਐ।'

—ਚੱਲ ਬਈ ਗਰਦੇਵ ਬੈਠ ਫਿਰ। ਲਈਏ ਰੱਬ ਦਾ ਨਾਂ।'

ਤੇ ਬਾਸ਼ਾ ਖਿੜਕੀ ਖੋਲ੍ਹ ਕੇ ਸਟੇਰਿੰਗ ਤੇ ਆ ਬੈਠਾ। ਦੇਵੀ-ਦੇਵਤਿਆਂ ਨੂੰ ਧਿਆਇਆ। ਫਿਰ ਗੱਡੀ ਸਟਾਰਟ ਕਰਕੇ...ਤੋਰ ਲਈ।

ਕੁਝ ਦੇਰ ਬਾਅਦ ਉਹ ਜੀ. ਟੀ. ਰੋਡ ਤੇ ਫੱਰਾਟੇ ਭਰਦਾ ਜਾ ਰਿਹਾ ਸੀ। ਤੇ

Academy of the Punjab in North America: http://www.apnaorg.com

ਟੇਪ ਰੀਕਾਰਡਰ ਤੇ ਵੱਜਦੇ ਗਾਣੇ ਦੀ ਤਾਲ ਨਾਲ ਸਟੇਰਿੰਗ ਤੇ ਤਾਲ ਦੇ ਰਿਹਾ ਸੀ । ਜੀ. ਟੀ. ਰੋਡ, ਬਾਹਰ ਦਾ ਇਲਾਕਾ, ਲੰਘਦੇ ਟਰੱਕ, ਬੱਸਾਂ...। ਬਾਸ਼ੇ ਦੀ ਟੌਹਰ... ਗੁਰਦੇਵ ਸਾਰਾ ਕੁਝ ਹੈਰਾਨੀ ਨਾਲ ਵੇਖਦਾ ਜਾ ਰਿਹਾ ਸੀ ।

ਸੂਰਜ ਕਦੋਂ ਦਾ ਛਿਪ ਗਿਆ ਸੀ। ਹਨੇਰਾ ਹੋ ਗਿਆ ਸੀ । ਬਾਸ਼ੇ ਨੇ ਗੱਡੀ ਦੀਆਂ ਸਾਈਡ ਲਾਈਟਾਂ ਜਗਾ ਕੇ...ਨਮਸਕਾਰ ਕੀਤਾ । ਜੀਤੂ ਨੇ ਚਲਦੀ ਗਡੀ ਵਿਚ ਫਿਰ ਧੂਫ ਜਲਾ ਦਿੱਤੀ...ਤੇ ਕਿੰਨਾ ਹੀ ਚਿਰ ਗੁਰੂਆਂ ਦੇਵੀਆਂ ਸਾਹਮਣੇ ਸਿਰ ਨਿਵਾਈ ਬੈਠਾ ਰਿਹਾ ।

ਸਾਹਮਣਿਓਂ ਆ ਰਹੀਆਂ ਗੱਡੀਆਂ ਦੀਆਂ ਹੈੱਡ ਲਾਈਟਾ ਜਗਦੀਆਂ ਤਾਂ ਬਾਸ਼ਾ ਵੀ ਜਗਾ ਦਿੰਦਾ । ਜੇ ਕੋਈ ਡਿੰਮ੍ਹ-ਫੁੱਲ ਨਾ ਕਰਦਾ ਤਾਂ ਬਾਸ਼ਾ ਗਾਲ੍ਹ ਕੱਢਦਾ...

—ਕੰਜਰ ਦਾ ਕੌਦੇ ਕਨੂੰਨ ਵੀ ਨੀਂ ਜਾਣਦਾ...! ਕਿਸੇ ਘਰਾਣੇ ਦੇ ਉਸਤਾਦ ਦਾ ਨੀਂ ਚੰਡਿਆ ਹੋਇਆ ।'...

ਕੁਝ ਦੇਰ ਬਾਅਦ ਜੀ. ਟੀ. ਰੋਡ ਦੇ ਇਕ ਹੋਟਲ ਤੇ ਉਹਨਾਂ ਗੱਡੀ ਰੋਕ ਦਿੱਤੀ । ਇਥੇ ਤਾਂ ਟਿਊਬ ਲਾਈਟਾਂ ਦੀਆਂ ਰੌਸ਼ਨੀਆਂ ਨਾਲ ਦਿਨ ਚੜ੍ਹਿਆ ਹੋਇਆ ਸੀ । ਹੋਟਲ ਦੇ ਬਾਹਰ ਤੀਹ ਚਾਲ੍ਹੀ ਮੰਜੇ ਡੱਠੇ ਹੋਏ ਸਨ । ਪੂਰਾ ਸ਼ੋਰ-ਸ਼ਰਾਬਾ ਸੀ । ਗੁਰਦੇਵ ਹੈਰਾਨ ਪਰੇਸ਼ਾਨ ਹੋਇਆ ਠੱਗਿਆ ਜਿਹਾ ਖੜ੍ਹਾ ਰਿਹਾ । ਐਨੀ ਰਾਤ ਗਏ, ਬਾਹਰ ਜੀ. ਟੀ. ਰੋਡ ਤੇ, ਜਦੋਂ ਕਿ ਪੰਜਾਬ 'ਚ ਤਾਂ ਸੱਤ ਵਜੇ ਤੋਂ ਬਾਅਦ ਕੋਈ ਬਾਹਰ ਨਹੀਂ ਨਿਕਲਦਾ, ਏਥੇ ਤਾਂ ਮੇਲਾ ਲੱਗਿਆ ਪਿਆ ਹੈ । ਨਾ ਕੋਈ ਦਹਿਸ਼ਤ ਦਾ ਮਾਹੌਲ, ਨਾ ਡਰ, ਨਾ ਸਹਿਮ ।

ਉਹ ਬਾਸ਼ੇ ਦੇ ਮਗਰ ਤੁਰ ਪਿਆ, ਪਹਿਲਾਂ ਉਹਨਾਂ ਸਾਬਣ ਲੈ ਕੇ ਹੱਥ ਧੋਤੇ, ਫਿਰ ਇਕ ਪਾਸੇ ਮੰਜੇ ਤੇ ਬਹਿ ਗਏ । ਹੋਟਲ ਦਾ ਨੌਕਰ ਪਾਣੀ ਦਾ ਜੱਗ ਅਤੇ ਖਾਲੀ ਗਲਾਸ ਰੱਖ ਗਿਆ ।

—ਪੀਣੀਂ ਐਂ ਘੁੱਟ...?' ਬਾਸ਼ੇ ਨੇ ਗੁਰਦੇਵ ਨੂੰ ਪੁੱਛਿਆ ।

—ਨਾ ਬਾਈ, ਮੈਂ ਤਾਂ ਪਿੰਡੋਂ ਤੁਰਨ ਲੱਗੇ ਨੇ ਸੌਂਹ ਖਾਧੀ ਸੀ, ਜਿੰਨਾ ਚਿਰ ਗੱਡੀ ਚਲਾਉਣ ਨੀਂ ਲੱਗਦਾ, ਸ਼ਰਾਬ ਤੇ ਕਿਸੇ ਵੀ ਹੋਰ ਨਸ਼ੇ ਨੂੰ ਹੱਥ ਨੀਂ ਲਾਉਣਾ ।'...

Academy of the Punjab in North America: http://www.apnaorg.com

—ਮੈਂ ਤਾਂ ਪੀਣੀ ਐ ਪਊਆ ਕੁ । ਰੋਟੀ ਖਾ ਕੇ ਐਥੇ ਈ ਸੌਂ ਜਾਂਗੇ । ਤੜਕੇ ਉੱਠ ਕੇ ਤੁਰ ਪਾਂਗੇ ।' ਤੇ ਉਸ ਨੇ ਨੌਕਰ ਨੂੰ ਸ਼ਰਾਬ ਲਿਆਉਣ ਲਈ ਆਰਡਰ ਦੇ ਦਿੱਤਾ ।

—ਜੀਤੂ ਕਿਥੇ ਐ...?' ਗੁਰਦੇਵ ਨੇ ਪੁੱਛਿਆ ।

— ਉਹਦਾ ਫ਼ਿਕਰ ਨਾ ਕਰ ਤੂੰ । ਉਹ ਗਡੀ ਕੋਲੇ ਐ, ਉਹਦੀ ਰੋਟੀ ਵੀ ਉੱਥੇ ਈ ਚਲੀ ਜਾਊ । ਜੇ ਉਹਨੇ ਪੀਣੀ ਹੋਊ ਤਾਂ ਵੀ ਪੀਲੂ । ਲੋਡ੍ਹ ਗੱਡੀ ਸੁੰਨੀ ਨੀਂ ਛੱਡਣੀ । ਕੀ ਪਤਾ ਕਦੋਂ ਕੋਈ ਸ਼ਰਾਰਤ ਕਰ ਦੇਵੇ ?'..

ਨੌਕਰ ਗਲਾਸ ਵਿਚ ਸ਼ਰਾਬ ਲੈ ਕੇ ਆਇਆ ।

—ਕੀ ਖਾਣੈ...?' ਬਾਸ਼ੇ ਨੇ ਗੁਰਦੇਵ ਨੂੰ ਪੁੱਛਿਆ ।

—ਜਿਹੜਾ ਵੀ ਕੁਸ਼ ਹੈਗਾ ਖਾ ਲਾਂਗੇ ।'

—ਮੀਟ, ਮੁਰਗਾ, ਆਂਡੇ, ਸਬਜ਼ੀ, ਦਾਲ-ਫਰਾਈ, ਤੜਕਾ, ਜਿਹੜਾ ਕੁਸ਼ ਤੇਰਾ ਜੀ ਕਰਦਾ ਐ, ਕਹਿਦੇ ਏਹਨੂੰ ।' ਬਾਸ਼ੇ ਨੇ ਹੋਟਲ ਦੇ ਨੌਕਰ ਵੱਲ ਇਸ਼ਾਰਾ ਕੀਤਾ ।

—ਕੀ ਬਣਿਆ ਬਈ ?' ਸੰਗਦੇ-ਸੰਗਦੇ ਗੁਰਦੇਵ ਨੇ ਪੁੱਛਿਆ ।

— ਮੀਟ, ਮੀਟ ਮੁਰਗਾ, ਮੁਰਗਾ ਕਰੀ, ਬਟਰ ਮੁਰਗਾ, ਮੁਰਗ ਮੁਸੱਲਮ, ਮੁਰਗਾ ਫਰਾਈ, ਚਿਕਨ ਦਿਲੀ, ਆਲੂ ਗੋਭੀ, ਆਲੂ ਭਿੰਡੀ, ਆਲੂ ਬੈਂਗਣ, ਆਲੂ ਮਟਰ, ਆਲੂ ਦੰਮੂ...ਆਲੂ ਗਾਜਰ, ਕੜ੍ਹੀ ਪਕੌੜਾ, ਦਾਲ ਤੜਕਾ, ਦਾਲ ਫਰਾਈ, ਮਿਕਸ ਵੈਜੀਟੇਬਲ...' ਤੋਤੇ ਵਾਂਗ ਬੋਲ ਕੇ ਨੌਕਰ ਆਰਡਰ ਲੈਣ ਦੀ ਮੁਦਰਾ ਵਿਚ ਖੜ੍ਹ ਗਿਆ ।

ਗੁਰਦੇਵ ਸ਼ਸ਼ੋਪੰਜ ਵਿਚ ਪੈ ਗਿਆ । ਬਾਸ਼ੇ ਦਾ ਹਾਸਾ ਨਿਕਲ ਗਿਆ । ਫਿਰ ਉਸਨੇ ਕਿਹਾ...'ਮੁਰਗਾ ਇਕ ਪਲੇਟ ਲੈ ਆ ।'

— ਰੋਟੀ...?' ਨੌਕਰ ਨੇ ਪੁੱਛਿਆ ।

—ਰੋਟੀ ਤਾਂ ਲਿਆਏਂਗਾ ਈ...?'

ਨੌਕਰ ਮੁੜਿਆ ਤਾਂ ਬਾਸ਼ੇ ਨੇ ਪਿਛੋਂ ਕਿਹਾ—'ਰੋਟੀਆਂ ਤਾਜ਼ੀਆਂ ਤੇ ਗਰਮ ਹੋਣ, ਨਹੀਂ ਤਾਂ, ਗੇਅਰ ਲਾ ਕੇ ਅੱਗੇ ਚਲੇ ਜਾਵਾਂਗੇ...ਤੇ ਕਿਸੇ ਹੋਰ ਹੋਟਲ ਤੇ ਖਾ ਲਾਂਗੇ...।'

Academy of the Punjab in North America: http://www.apnaorg.com

ਨੌਕਰ ਕੁਝ ਪਲ ਕੁ ਰੁਕਿਆ ਸੀ, ਫਿਰ ਬਾਸ਼ੇ ਵੱਲ ਹੱਥ ਨਾਲ ਇਸ਼ਾਰਾ ਕੀਤਾ ਜਿਵੇਂ ਕਹਿ ਰਿਹਾ ਹੋਵੇ...'ਤੈਨੂੰ ਪੂਰਾ ਖ਼ੁਸ਼ ਕਰਾਂਗੇ—ਘਬਰਾ ਨਾ—।'

ਤੇ ਹੋਟਲ ਦਾ ਨੌਕਰ ਚਲਿਆ ਗਿਆ। ਬਾਸ਼ੇ ਨੇ ਸ਼ਰਾਬ ਦਾ ਇਕ ਗਲਾਸ ਹੋਰ ਪੀਤਾ। ਰੋਟੀ ਆ ਗਈ ਤੇ ਉਹ ਖਾਣ ਲੱਗੇ।

ਉਹ ਰੋਟੀ ਖਾ ਹੀ ਰਹੇ ਸਨ ਜਦੋਂ ਹੋਟਲ ਦੀ ਨੁੱਕਰ ਤੇ ਰੌਲਾ ਉਭਰਿਆ। ਪਲਾਂ 'ਚ ਪੰਦਰਾਂ-ਵੀਹ ਡਰਾਈਵਰ ਇਕੱਠੇ ਹੋ ਗਏ। ਬਾਸ਼ਾ ਰੋਟੀ ਵਿਚੇ ਛੱਡ ਕੇ ਕਾਹਲੀ ਨਾਲ ਗਿਆ, ਵੇਖਿਆ, ਇਕ ਡਰਾਈਵਰ ਮੰਜੇ ਤੇ ਬੈਠਾ ਹੈ, ਸਾਹਮਣੇ ਸ਼ਰਾਬ ਦੀ ਬੋਤਲ ਪਈ ਹੈ। ਇਕ ਪਲੇਟ ਵਿਚ ਮੁਰਗਾ ਹੈ। ਕੋਲ ਹੀ ਰੋਟੀਆਂ ਅਚਾਰ ਗੰਢਾ ਪਿਆ ਹੈ। ਉਹ ਡਰਾਈਵਰ ਰੋ ਰਿਹਾ ਹੈ ਤੇ ਸਾਰੇ ਬਾਰ-ਬਾਰ ਪੁੱਛ ਰਹੇ ਹਨ...'ਤੈਨੂੰ ਹੋਇਆ ਕੀ ਐ ? ਤੈਨੂੰ ਦੁੱਖ ਕੀ ਐ...?'

—ਮੈਂ ਮਰ ਜੂੰ ਬਾਈਓ...ਭਰਾਵੋ...ਬੇਲੀਓ.... ਮੈਂ ਨੀਂ ਬਚਦਾ...।' ਆਖ ਕੇ ਉਹ ਤੀਵੀਆਂ ਵਾਂਗ ਧਾਹ ਮਾਰਦਾ ਹੈ।

ਸਾਰੇ ਹੈਰਾਨ ਹਨ।

ਬਾਸ਼ਾ ਸਾਰਿਆਂ ਨੂੰ ਧੱਕ ਕੇ ਅੱਗੇ ਆ ਗਿਆ।

—ਕੀ ਹੋਇਆ ਉਏ ਗਿਟਲਾ ?' ਬਾਸ਼ੇ ਨੇ ਹਮਦਰਦੀ ਨਾਲ ਪੁੱਛਿਆ। ਉਸਨੇ ਡਰਾਈਵਰ ਪਛਾਣ ਲਿਆ ਸੀ।

—ਬਾਸ਼ੇ ਬਾਈ, ਮੈਂ ਨੀਂ ਬਚਦਾ, ਮੈਂ ਮਰਜੂੰ।' ਉਸਨੇ ਫੇਰ ਲੇਰ ਮਾਰੀ।

—ਕੁਝ ਦੱਸੇਂ ਵੀ ਕੀ ਦੁਖਦੈ ? ਕੋਈ ਪਿੰਡੋਂ ਮਾੜੀ ਚਿੱਠੀ ਆਈ ਐ ?' ਬਾਸ਼ੇ ਨੇ ਮੋਢਾ ਫੜ ਕੇ ਹਲੂਣਿਆ।

ਗਿੱਟਲ ਨੇ ਸ਼ਰਾਬ ਵਾਲਾ ਗਲਾਸ ਚੁੱਕਿਆ, ਅੱਧੀ ਕੁ ਪੀਤੀ, ਫਿਰ ਗਲਾਸ ਰੱਖ ਕੇ ਮੁਰਗੇ ਦੀ ਲੱਤ ਚੂੰਢਣ ਲੱਗਾ। ਮੂੰਹ ਉਸਦਾ ਰੋਣ ਵਰਗਾ ਹੀ ਬਣਿਆ ਰਿਹਾ।

—ਹਾਏ ਉਏ ਰੱਬਾ ਮੈਂ ਕੀ ਕਰੂੰਗਾ ? ਮੇਰੇ ਤਾਂ ਬੁਰਕੀ ਨੀਂ ਲੰਘਦੀ ਅੰਦਰ।' ਮੁਰਗੇ ਦੀ ਲੱਤ ਪਲੇਟ 'ਚ ਰੱਖ ਕੇ ਉਹ ਫੇਰ ਰੋਣ ਲੱਗਾ।

—ਕੰਜਰਾ ਮੁਰਗਾ ਖਾਈ ਜਾਨੈਂ, ਬੁਰਕੀ ਤੇਰੇ ਲੰਘਦੀ ਨੀਂ...?' ਬਾਸ਼ਾ ਹੈਰਾਨ ਹੋਇਆ।

Academy of the Punjab in North America: http://www.apnaorg.com

ਗਿਟਲ ਫੇਰ ਲੇਰ ਮਾਰਨ ਲੱਗਾ ਤਾਂ ਬਾਸ਼ੇ ਨੇ ਮੁੱਕਾ ਉਘਰਿਆ—'ਹੂਰਾ ਮਾਰੂੰ ਸਾਲੇ ਦੇ ਬੂਥੇ ਤੇ, ਰੌਲਾ ਪਾਇਆ ਤਾਂ ? ਦੱਸ ਕੀ ਹੋਇਆ ?'

—ਐਵੇਂ ਬਾਈ ਬਾਸ਼ਿਆ ਚਿੱਤ ਓਦਰ ਗਿਆ ਸੀ । ਘਰ ਆਲੀ ਬਾਹਲੀ ਯਾਦ ਆਈ ਜਾਂਦੀ ਐ, ਮੈਂ ਕਿਧਰ ਨੂੰ ਜਾਵਾਂ ?' ਉਸਨੇ ਗਲਾਸ 'ਚ ਬਚੀ ਸ਼ਰਾਬ ਫੇਰ ਪੀ ਲਈ । ਮੁਰਗਾ ਖਾਣ ਲੱਗਾ, ਫੇਰ ਲੇਰ ਮਾਰੀ...'ਮੈਂ ਕੀ ਕਰੂੰਗਾ ?'

—ਜਾਹ ਸਾਲਾ ਗਿਟਲ ਨਾ ਹੋਵੇ ।'...ਭੀੜ ਤਾੜੀਆਂ ਮਾਰ ਕੇ ਹੱਸ ਪਈ ਤੇ ਖਿੰਡ ਗਈ ।

ਬਾਸ਼ਾ ਤੇ ਗੁਰਦੇਵ ਰੋਟੀਆਂ ਖਾ ਕੇ ਸੌਂ ਗਏ । ਸਾਰੀ ਰਾਤ ਹੋਟਲ ਤੇ ਕੋਈ ਟਰੱਕ ਆ ਜਾਂਦਾ ਕੋਈ ਤੁਰ ਜਾਂਦਾ । ਗੁਰਦੇਵ ਦੀ ਕਦੇ ਅੱਖ ਲੱਗ ਜਾਂਦੀ, ਕਦੇ ਖੁੱਲ੍ਹ ਜਾਂਦੀ । ਬਾਸ਼ਾ ਘੂਕ ਸੁੱਤਾ ਪਿਆ ਰਿਹਾ ।

ਤੜਕੇ ਚਾਰ ਵਜੇ ਹੋਟਲ ਦੇ ਨੌਕਰ ਨੇ ਉਹਨਾਂ ਨੂੰ ਉਠਾ ਦਿੱਤਾ । ਮੂੰਹ ਧੋਣ ਲਈ ਪਾਣੀ ਲਿਆਇਆ । ਹੈਲਪਰ ਨੂੰ ਜਗਾਇਆ । ਸਾਰਿਆਂ ਨੇ ਚਾਹ ਪੀਤੀ । ਜੀਤੂ ਨੇ ਤੇਲ ਪਾਣੀ ਚੈੱਕ ਕੀਤਾ, ਧੂਫ ਲਾਈ, ਦੇਵੀ-ਦੇਵਤਿਆਂ ਗੁਰੂਆਂ ਨੂੰ ਮੱਥਾ ਟੇਕਿਆ ।

ਤੇ ਉਹ ਅਗਲੇ ਸਫ਼ਰ ਤੇ ਤੁਰ ਪਏ ।

ਤੜਕਾ ਹੀ ਸੀ । ਸੂਰਜ ਅਜੇ ਚੜ੍ਹਿਆ ਨਹੀਂ ਸੀ । ਇਕ ਸ਼ਹਿਰ ਦੇ ਬਾਈ-ਪਾਸ ਤੇ ਨਾਕਾ ਲੱਗਿਆ ਹੋਇਆ ਸੀ । ਇਕ ਸਿਪਾਹੀ ਨੇ ਬੈਟਰੀ ਮਾਰ ਕੇ ਗਡੀ ੋਕ ਲਈ ।

—ਏਹਨਾਂ ਕੰਜਰਾਂ ਨੂੰ ਨੀਂਦ ਨੀਂ ਆਉਂਦੀ ;' ਆਖਦੇ ਬਾਸ਼ੇ ਨੇ ਇਕ ਸਾਈਡ ਗਡੀ ਰੋਕ ਲਈ ।

—ਕਾਗਜ਼ ਬਿਲਟੀ ਲੈ ਕੇ ਆਓ ।' ਸਿਪਾਹੀ ਨੇ ਦਬਕਾ ਮਾਰਿਆ ।

—ਬਿਲਟੀ ਇਕ ਨੰਬਰ ਦੀ ਐ ਨਾ...?' ਬਾਸ਼ੇ ਨੇ ਜੀਤੂ ਨੂੰ ਪੁੱਛਿਆ ।

—ਬਿਲਟੀ ਤਾਂ ਇਕ ਨੰਬਰ ਦੀ ਐ । ਪਰ ਮਾਲ ਓਵਰਲੋਡ ਐ, ਬਿਲਟੀ ਘੱਟ ਲੋਡ ਦੀ ਐ ।' ਜੀਤੂ ਨੇ ਸਮਝਾਇਆ ।

ਬਾਸ਼ਾ ਗਡੀ ਦੇ ਬਕਸੇ ਵਿਚੋਂ ਕਾਗਜ਼ ਰਜਿਸਟਰੇਸ਼ਨ—ਟੈਕਸ ਪਰਮਿਟ ਕਢਣ ਲੱਗਾ, ਪੁਲੀਸ ਵਾਲਿਆਂ ਨੂੰ ਵੀ ਨਾਲ ਗਾਲ੍ਹਾਂ ਕੱਢ ਰਿਹਾ ਸੀ ।

—0—

Academy of the Punjab in North America: http://www.apnaorg.com

## (ਚਾਰ)

ਬਾਸ਼ੇ ਨੇ ਟਰੱਕ ਦੇ ਕਾਗਜ਼ ਤੇ ਬਿਲਟੀ ਚੈਕ ਕਰਵਾਈ। ਅਫਸਰ ਟਰੱਕ ਦਾ ਮੁਆਇਨਾ ਕਰਨ ਲੱਗਾ। ਆਲੇ ਦੁਆਲੇ ਘੋਖਵੀਂ ਨਿਗਾਹ ਮਾਰੀ। ਤਰਪਾਲ ਨਾਲ ਢਕਿਆ ਮਾਲ ਵੀ ਡੰਡੇ ਨਾਲ ਠੰਗੋਰਿਆ। ਫਿਰ ਸਪਰਿੰਗ ਪੱਤੀਆ ਉਪਰ ਪਏ ਵਜ਼ਨ ਵਲ ਤਾੜਦਾ ਬੋਲਿਆ।...'ਮਾਲ ਤੋ ਓਵਰ ਲੋਡ ਹੈ।'

—ਨਹੀਂ ਸਾਹਬ, ...ਬਿਲਟੀ ਦੇਖੋ ਨਾ।' ਬਾਸ਼ੇ ਨੇ ਬਿਲਟੀ ਵੱਲ ਇਸ਼ਾਰਾ ਕੀਤਾ।

—ਅਰੇ ਛੋੜੋ...ਕਿਤਨਾ ਬਿਲਟੀ ਹੈ ਤੇਰੇ ਪਾਸ? ਅਸਲੀ ਕਹਾਂ ਹੈ' ਅਫਸਰ ਅੱਖਾਂ ਦੀ ਘੂਰ ਨਾਲ ਬਾਸ਼ੇ ਨੂੰ ਤਾੜ ਰਿਹਾ ਸੀ।

—ਬਿਲਟੀ ਨਕਲੀ ਭੀ ਹੋਤੀ ਹੈ?' ਬਾਸ਼ਾ ਬੁੱਧੂ ਜਿਹਾ ਬਣ ਗਿਆ।

ਅਫਸਰ ਉਸ ਵੱਲ ਖਚਰੀਆਂ ਅੱਖਾਂ ਨਾਲ ਤਾੜਨ ਲੱਗਾ ਤਾਂ ਬਾਸ਼ਾ, ਗਿੱਚੀ ਖੁਰਕਦਿਆਂ ਬੋਲਿਆ—'ਜਾਨੇ ਦੋ ਸਾਹਬ, ਬਹੁਤ ਦੇਰ ਹੋ ਰਹੀ ਹੈ।' ਤੇ ਉਸਨੇ ਜੇਬ ਵਿਚੋਂ ਪੰਜਾਹ ਦਾ ਨੋਟ ਅਫ਼ਸਰ ਵੱਲ ਵਧਾਇਆ।

— ਉਧਰ ਹਮਾਰੇ ਆਦਮੀ ਸੇ।' ਅਫਸਰ ਨੇ ਆਪਣੇ ਸਿਪਾਹੀ ਵਲ ਇਸ਼ਾਰਾ ਕੀਤਾ।

ਬਾਸ਼ਾ ਸਿਪਾਹੀ ਨੂੰ ਇਕ ਪਾਸੇ ਲੈ ਗਿਆ, ਤੇ ਪੰਜਾਹ ਦਾ ਨੋਟ ਉਸਦੀ ਮੁੱਠ ਵਿਚ ਦੇ ਦਿੱਤਾ।

—ਏਹ ਤੋ ਸਾਹਬ ਕੇ ਹੈਂ। ਮੇਰੇ ਕਹਾਂ ਹੈਂ...?' ਸਿਪਾਹੀ ਦੇ ਵੀ ਪੇਟ ਲੱਗਾ ਸੀ।

ਬਾਸ਼ੇ ਨੇ ਇਕ ਦਸਾਂ ਦਾ ਨੋਟ ਹੋਰ ਦਿੱਤਾ।

ਸਿਪਾਹੀ ਦੇ ਇਸ਼ਾਰੇ ਤੇ ਅਫਸਰ ਨੇ ਕਾਗਜ਼ ਤੇ ਬਿਲਟੀ ਮੋੜ ਦਿੱਤਾ। ਬਾਸ਼ਾ ਤੇ ਗੁਰਦੇਵ ਟਰੱਕ 'ਚ ਆ ਬੈਠੇ, ਤੇ ਸਟਾਰਟ ਕਰਕੇ ਤੁਰ ਪਏ।

ਥੋੜ੍ਹੀ ਦੂਰ ਹੀ ਗਏ ਸਨ। ਜੀਤੂ ਦਾ ਮੂੰਹ ਬਾਹਰ ਕੱਢਿਆ ਹੋਇਆ ਸੀ।



Academy of the Punjab in North America: http://www.apnaorg.com

ਉਸਨੇ ਅੰਦਰ ਦੇਖਦਿਆਂ ਕਿਹਾ—'ਉਸਤਾਦ ਆਪਣਾ ਪਿਛਲਾ ਟਾਇਰ ਪੰਚਰ ਹੋ ਗਿਆ। ਕਿਸੇ ਟਾਇਰਾਂ ਦੀ ਦੁਕਾਨ ਤੇ ਰੋਕਣਾ।'

—ਦੁਕਾਨ ਤਾਂ ਬੌਹਤ ਦੂਰ ਐ। ਦੂਜੇ ਦਾ ਵੀ ਬੁਗਤੂ ਬੋਲ ਜੂ। ਤੂੰ ਐਥੇ ਈ ਟਾਇਰ ਬਦਲ ਲਾ।' ਬਾਸ਼ੇ ਨੇ ਗੱਡੀ ਸਾਈਡ ਕਰਕੇ ਰੋਕ ਲਈ।

ਜੀਤੂ ਨੇ ਟੂਲ-ਬਕਸ ਵਿਚੋਂ ਜੈਕ ਕੱਢਿਆ। ਕੈਬਿਨ ਵਿਚੋਂ ਲੋਹੇ ਦੀ ਰਾਡ ਕੱਢੀ ਤੇ ਚੱਕਾ ਚਾਬੀ ਲੈਕੇ ਟਾਇਰ ਖੋਹਲਣ ਦੀਆਂ ਤਿਆਰੀਆਂ ਕਰ ਲਈਆਂ।

—ਗੁਰਦੇਵ ਤੂੰ ਦੋ ਇੱਟਾਂ ਭਾਲਕੇ, ਮੂਹਰਲੇ ਚੱਕੇ ਨੂੰ ਓਟੇ ਲਾ ਦੇ।' ਬਾਸ਼ੇ ਨੇ ਕਿਹਾ।

ਗੁਰਦੇਵ ਸੜਕ ਦੇ ਕਿਨਾਰੇ ਤੋਂ ਦੋ ਪੱਥਰ ਲੱਭ ਲਿਆਇਆ, ਫਿਰ ਬਾਸ਼ੇ ਨੇ ਉਸਨੂੰ ਓਟੇ ਲਾਉਣੇ ਦੱਸੇ, ਤੇ ਇਹ ਵੀ ਦੱਸਿਆ ਇਹ ਕਿਉਂ ਲਾਈਦੇ ਹਨ।

—ਜਾ ਹੁਣ ਜੀਤੂ ਨਾਲ ਨਟ ਢਿੱਲੇ ਕਰਾ।' ਤੇ ਆਪ ਥੋੜ੍ਹਾ ਪਰ੍ਹੇ ਹੋਕੇ ਆਰਾਮ ਨਾਲ ਬੈਠ ਗਿਆ।

ਜੀਤੂ ਅਤੇ ਗੁਰਦੇਵ ਨੇ ਜੈਕ ਲਾਇਆ। ਨੱਟ ਢਿੱਲੇ ਕੀਤੇ, ਫਿਰ ਜੈਕ ਹੋਰ ਚੱਕਿਆ। ਪੰਚਰ ਟਾਇਰ ਉਤਾਰ ਕੇ, ਸਟਿਪਣੀ ਕੱਸ ਲਈ। ਤੇ ਪੰਚਰ ਟਾਇਰ ਸਟਿਪਣੀ ਦੇ ਸ਼ਿਕੰਜੇ ਵਿਚ ਕੱਸ ਦਿੱਤਾ।

ਫਿਰ ਉਹਨਾਂ ਟਰੱਕ ਦੀ ਸਾਈਡ ਨਾਲ ਬੰਨ੍ਹੀ ਟਿਊਬ ਵਿਚੋਂ ਪਾਣੀ ਲੈ ਕੇ ਹੱਥ ਧੋਤੇ।

—ਚੱਲੀਏ ਉਸਤਾਦ ?' ਹੱਥ ਪੂੰਝਦਿਆਂ ਜੀਤੂ ਨੇ ਪੁੱਛਿਆ। ਬਾਸ਼ਾ ਬੈਠਾ ਬੈਠਾ ਸੌਂ ਚੱਲਿਆ ਸੀ। ਜੀਤੂ ਦੇ ਬੋਲਣ ਤੇ ਤ੍ਰਭੱਕਿਆ। '...ਹੈਂਅ ਬਦਲ ਲਿਆ...?'

—ਕਦੋਂ ਦਾ।'......

—ਚਲੋ ਫੇਰ।' ਬਾਸ਼ਾ ਹਿੰਮਤ ਨਾਲ ਉਠਿਆ ਤੇ ਉਹ ਫੇਰ ਤੁਰ ਪਏ।

—ਜਿਥੇ ਟਾਇਰਾਂ ਦੀ ਦੁਕਾਨ ਆਈ, ਏਹਨੂੰ ਪੰਚਰ ਲੁਆ ਹੀ ਲਈਏ। ਸਟਿਪਣੀ ਮਾੜੀ ਐ।' ਜੀਤੂ ਨੇ ਕਿਹਾ।

ਅੱਗੇ ਗਏ ਤਾਂ ਜਾਮ ਲੱਗਿਆ ਹੋਇਆ ਸੀ। ਟਰੱਕ ਰੋਕ ਕੇ ਹੇਠਾਂ

Academy of the Punjab in North America: http://www.apnaorg.com

ਉੱਤਰ ਕੇ ਬਾਸ਼ਾ ਨੇ ਪਹਿਲਾਂ ਖੜ੍ਹੇ ਟਰੱਕ ਦੇ ਹੈਲਪਰ ਨੂੰ ਪੁੱਛਿਆ – 'ਕੀ ਹੋਇਆ ?'

—ਅੱਗੇ ਐਕਸੀਡੈਂਟ ਹੋਇਐ, ਆਹਮੋ ਸਾਹਮਣੇ। ਕਹਿੰਦੇ ਡਰਾਈਵਰ ਮਰ ਗਿਆ।' ਹੈਲਪਰ ਨੇ ਉਦਾਸੀ ਜਿਹੀ ਨਾਲ ਦੱਸਿਆ।

—ਹੈਂਅ ?' ਬਾਸ਼ੇ ਦੇ ਮੂੰਹੋਂ ਨਿਕਲਿਆ ਤੇ ਉਹ ਗੁਰਦੇਵ ਨੂੰ ਨਾਲ ਲੈ ਕੇ ਦੁਰਘਟਨਾ ਵਾਲੀ ਥਾਂ ਵੱਲ ਤੁਰ ਪਿਆ।

ਕੁਝ ਹੀ ਵਿਥ ਤੇ ਦੋ ਟਰੱਕ ਆਹਮੋ ਸਾਹਮਣੇ ਟਕਰਾ ਗਏ ਸਨ। ਸੜਕ ਦਾ ਰਾਹ ਪੂਰਾ ਜਾਮ ਸੀ।

ਇਕ ਡਰਾਈਵਰ ਦੀ ਲਾਸ਼ ਸੜਕ ਦੇ ਵਿਚਕਾਰ ਰੱਖੀ ਸੀ, ਉਪਰ ਇਕ ਮੈਲਾ ਜਿਹਾ ਕਪੜਾ ਪਾਇਆ ਹੋਇਆ ਸੀ। ਟਰੱਕਾਂ, ਬੱਸਾਂ ਵਾਲੇ ਡਰਾਈਵਰਾਂ ਦੀ ਭੀੜ ਜਮ੍ਹਾਂ ਸੀ। ਪੁਲੀਸ ਅਜੇ ਆਈ ਨਹੀਂ ਸੀ।

ਇਕ ਟਰੱਕ ਬੁਰੀ ਤਰ੍ਹਾਂ ਫਿਸਿਆ ਪਿਆ ਸੀ। ਟੁੱਟੇ ਰੇਡੀਏਟਰ ਦਾ ਪਾਣੀ, ਪਤਾ ਨਹੀਂ ਕਿਹੜੇ ਢੰਗ ਨਾਲ ਤੁਬਕਾ ਤੁਬਕਾ ਕਰਕੇ ਚਿੱਬੀ ਹੋਈ ਹੈੱਡ ਲਾਈਟ ਵਿਚੋਂ ਦੀ ਡਿਗ ਰਿਹਾ ਸੀ। ਜਾਪਦਾ ਸੀ ਜਿਵੇਂ ਟਰੱਕ ਵੀ ਆਪਣੇ ਡਰਾਈਵਰ ਦੀ ਮੌਤ ਤੇ ਰੋ ਰਿਹਾ ਹੋਵੇ।

ਸਾਰੀ ਭੀੜ ਦੇ ਚਿਹਰੇ ਚਿੰਤਤ ਸਨ। ਹਰ ਇਕ ਦੇ ਮਨ ਵਿਚ ਇਹ ਆ ਰਿਹਾ ਸੀ—ਕਿ ਇਕ ਨਾ ਇਕ ਦਿਨ ਉਸ ਨਾਲ ਵੀ ਇਵੇਂ ਵਾਪਰ ਸਕਦੀ ਹੈ। ਕੁਝ ਭਾਵੁਕ ਡਰਾਈਵਰ ਤਾਂ ਅੱਖਾਂ ਵੀ ਭਰੀ ਖੜੇ ਸਨ।

—ਕਿਥੋਂ ਦਾ ਡਰਾਈਵਰ ਐ ? ਕਿਹੜੇ ਪਿੰਡੋਂ ਐਂ ?' ਬਾਸ਼ੇ ਨੇ ਇਕ ਹੋਰ ਨੂੰ ਪੁੱਛਿਆ।

—ਪਤਾ ਨੀ ਲੱਗਾ, ਆਂਧਰਾ ਵਲ ਦੀ ਗੱਡੀ ਐ।'...

—ਇਹਦਾ ਖਲਾਸੀ ਹੈਗਾ...? ਉਹਨੂੰ ਪਤਾ ਹੋਊ।'

—ਉਹਨੂੰ ਹਸਪਤਾਲ ਲੈਗੇ। ਉਹਦੀਆਂ ਲੱਤਾਂ ਟੁੱਟਗੀਆਂ।'

—ਦੂਸਰਾ ਡਰਾਈਵਰ ਬੱਚ ਗਿਆ ?'

—ਊਹਦੇ ਸਿਰ 'ਚ ਸੱਟ ਐ। ਊਂ ਕਹਿੰਦੇ ਐ ਬਈ ਠੀਕ ਐ। ਸਟੇਰਿੰਗ ਦਾ ਛਾਤੀ ਤੇ ਦਬਾ ਬਾਹਲਾ ਆਇਐ।'

Academy of the Punjab in North America: http://www.apnaorg.com

ਬਾਸ਼ੇ ਨੇ ਹਾਉਕਾ ਲਿਆ ।

—ਰੁਲ ਗਿਆ ਮਾਂ ਦਾ ਪੁੱਤ ਸੜਕਾਂ ਤੇ । ਆਹ ਪਿਐ ।...ਬਾਲ ਬੱਚੇ, ਘਰ ਵਾਲੀ, ਮਾਂ ਪਿਓ ਪਤਾ ਨਹੀਂ ਕੀ ਕੀ ਆਸਾਂ ਲਾਈ ਬੈਠੇ ਹੋਣਗੇ...। ਆਪਣੀ ਤਾਂ ਮਿੱਟੀ ਵੀ ਪਿੰਡ ਨਹੀਂ ਪਹੁੰਚਦੀ ।...' ਬਾਸ਼ੇ ਨੇ ਸਾਫ਼ੇ ਦੇ ਲੜ ਨਾਲ ਅੱਖਾਂ ਪੂੰਝੀਆਂ ।

ਹੁਣ ਪੁਲਸ ਆ ਗਈ । ਉਸਨੇ ਭੀੜ ਨੂੰ ਪਿਛੇ ਹਟਾਇਆ । ਇਕ ਟਰੱਕ ਨਾਲ ਟੋਅ ਕਰਕੇ ਐਕਸੀਡੈਂਟ ਟਰੱਕ ਨੂੰ ਖਿੱਚਕੇ ਇਕ ਸਾਈਡ ਕਰਵਾਇਆ ਤੇ ਦੂਸਰੀਆਂ ਗੱਡੀਆਂ ਲਈ ਰਾਹ ਸਾਫ਼ ਕੀਤਾ ।

ਹੌਲੀ ਹੌਲੀ ਟਰੈਫਿਕ ਫੇਰ ਚਾਲੂ ਹੋ ਗਿਆ ।

ਬਹੁਤ ਹੀ ਉਦਾਸ ਬਾਸ਼ਾ ਆਪਣੀ ਗੱਡੀ ਦੇ ਸਟੇਰਿੰਗ ਤੇ ਆ ਬੈਠਾ । ਗੁਰਦੇਵ ਵੀ ਡਰਿਆ ਡਰਿਆ ਸੀ । ਉਹ ਫੇਰ ਤੁਰ ਪਏ ।

ਪੰਦਰਾਂ ਵੀਹ ਮਿੰਟਾਂ ਬਾਅਦ ਬਾਸ਼ੇ ਨੇ ਟੇਪ ਰੀਕਾਰਡਰ ਵਿਚ ਕੈਸਟ ਫਸਾ ਦਿੱਤੀ ।

ਗੁਰਦੇਵ ਹੈਰਾਨੀ ਨਾਲ ਉਸ ਵਲ ਝਾਕਿਆ ।

—ਯਾਰ ਮੈਨੂੰ ਅਜੇ ਵੀ ਉਹ ਸੜਕ 'ਚ ਪਿਆ ਦਿੱਸੀ ਜਾਂਦਾ ਐ । ਜੇ ਐਸ ਤਰ੍ਹਾਂ ਹੀ ਰਿਹਾ ਤਾਂ ਮੈਥੋਂ ਗੱਡੀ ਨੀ ਚੱਲਣੀ ।...ਕੀ ਪਤਾ ਗਾਣਾ ਸੁਣਕੇ ਚੇਤਾ ਭੁਲਜੇ... ।' ਤੇ ਉਸਨੇ ਹੋਰ ਵੀ ਆਵਾਜ਼ ਉੱਚੀ ਕਰ ਦਿੱਤੀ । ਪਰ ਉਸਦਾ ਚਿਹਰਾ ਉਵੇਂ ਚਿੰਤਤ ਰਿਹਾ ਤੇ ਅਚੇਤਮਨ ਵਿਚ ਉਸਨੂੰ ਸੜਕ ਤੇ ਪਿਆ ਡਰਾਈਵਰ ਉਵੇਂ ਦਿਸਦਾ ਰਿਹਾ ।

ਸਿਖਰ ਦੁਪਹਿਰਾ ਹੋ ਚੱਲਿਆ ਸੀ । ਗੱਡੀ ਆਪਣੀ ਪੂਰੀ ਰਫਤਾਰ ਨਾਲ ਸੜਕ ਨੂੰ ਰੌਂਦਦੀ ਜਾ ਰਹੀ ਸੀ । ਗੱਡੀ ਦੇ ਕੈਬਿਨ ਵਿਚ ਉਦਾਸ ਚੁੱਪ ਛਾਈ ਹੋਈ ਸੀ ।

ਅੱਗੇ ਸੜਕ ਤੇ ਕਿਸੇ ਪੀਰ ਦਾ ਮਜ਼ਾਰ ਸੀ । ਬਾਸ਼ੇ ਨੇ ਗੱਡੀ ਰੋਕੀ । ਵਿਚ ਬੈਠੇ ਨੇ ਹੀ ਜੇਬ ਵਿਚੋਂ ਰੁਪਿਆ ਕੱਢ ਕੇ ਮਜ਼ਾਰ ਵੱਲ ਵਗਾਹਿਆ ਤੇ ਬੰਦਨਾ ਕੀਤੀ । ਫਿਰ ਤੁਰ ਪਿਆ ।

—ਭੁੱਖ ਤਾਂ ਨੀ ਲੱਗੀ ?' ਉਸਨੇ ਗੁਰਦੇਵ ਨੂੰ ਪੁੱਛਿਆ ।

Academy of the Punjab in North America: http://www.apnaorg.com

— ਐਕਸੀਡੈਂਟ ਦੇਖ ਕੇ ਤਾਂ ਭੁੱਖ ਈ ਮਰਗੀ।' ਗੁਰਦੇਵ ਅਜੇ ਵੀ ਉਦਾਸ ਸੀ।

—ਐਹੋ ਜਾਹ ਤਾਂ ਏਥੇ ਹੁੰਦਾ ਈ ਰਹਿੰਦੈ। ਜੇ ਐਂ ਰੋਣ ਬਹਿ ਜੀਏ ਤਾਂ ਕੰਮ ਕਿਵੇਂ ਹੋਊ? ਗੱਡੀ ਜਿੰਨੀ ਮਰਜ਼ੀ ਟੁੱਟ ਜੇ, ਉਹ ਤਾਂ ਫੇਰ ਵੀ ਬਣ ਜਾਂਦੀ ਐ, ਪਰ ਬੰਦਾ ਗਿਆ ਨੀ ਮੁੜਦਾ...।' ਉਸਨੇ ਜੀ. ਟੀ. ਰੋਡ ਦੇ ਇਕ ਹੋਟਲ ਤੇ ਟਰੱਕ ਰੋਕ ਲਿਆ।

—ਜੀਤੂ ਨਾਲੇ ਏਥੇ ਲੁਆ ਲੀਏ ਪੰਚਰ ਤੇ ਨਾਲੇ ਨ੍ਹਾ-ਧੋਕੇ ਖਾਈਏ ਰੋਟੀਆਂ, ਫੇਰ ਚੱਲਾਂਗੇ। ਤੜਕੇ ਨੂੰ ਗੱਡੀ ਕਲਕੱਤੇ, ਸੁੱਖ ਚਾਹੀਦੀ ਐ।'

ਉਹ ਸਾਰੇ ਹੇਠਾਂ ਉੱਤਰ ਆਏ।

ਹੋਟਲ ਦੇ ਨੌਕਰ ਪਾਣੀ ਦੇ ਗਲਾਸ ਲੈ ਕੇ ਭੱਜ ਕੇ ਆਏ।

— ਠਹਿਰ ਜੋ ਉਏ ਨੌਣ੍ਹਾ ਧੋਣਾ ਐ ਅਜੇ।' ਬਾਸ਼ੇ ਨੇ ਦਬਕਾ ਮਾਰਿਆ। ਉਹ ਮੁੜ ਗਏ।

—ਆ ਜਾ ਬਾਈ, ਆਪਾਂ ਟਾਇਰ ਖੋਲ੍ਹ ਕੇ ਦੇ ਆਈਏ, ਫੇਰ ਨਹਾ ਕੇ ਰੋਟੀ ਖਾਵਾਂਗੇ।' ਜੀਤੂ ਨੇ ਗੁਰਦੇਵ ਨੂੰ ਕਿਹਾ।

ਗੁਰਦੇਵ ਤੇ ਜੀਤੂ ਟਾਇਰ ਖੋਹਲਣ ਲਗ ਪਏ।

ਬਾਸ਼ਾ ਇਕ ਪਾਸੇ ਪਏ ਮੰਜੇ ਤੇ ਲੰਮਾ ਪੈ ਗਿਆ ਤੇ ਅੰਗੜਾਈ ਲਈ, ਸਰੀਰ ਢਿੱਲਾ ਛੱਡ ਦਿੱਤਾ। ਅੱਖਾਂ ਮੀਚ ਲਈਆਂ।

ਉਦੋਂ ਹੀ ਇਕ ਮੁੰਡਾ (ਭਈਆ) ਹੱਥ ਵਿਚ ਤੇਲ ਦੀਆਂ ਸ਼ੀਸ਼ੀਆਂ ਫੜੀ ਬਾਸ਼ੇ ਕੋਲ ਆਇਆ।

—ਮਾਲਸ਼ ਬਾਬੂ?' ਉਸਨੇ ਸ਼ੀਸ਼ੀਆਂ ਇਕ ਅਦਾ ਨਾਲ ਖੜਕਾਈਆਂ।

—ਆ ਜਾ ਫਿਰ।' ਆਖਕੇ ਬਾਸ਼ੇ ਨੇ ਫਿਰ ਅੱਖਾਂ ਮੀਚ ਲਈਆਂ।

ਭਈਆ, ਪਿੰਜਣੀਆਂ ਤੇ ਪੱਟਾਂ ਤੇ ਮਾਲਸ਼ ਕਰਨ ਲੱਗਾ।

Academy of the Punjab in North America: http://www.apnaorg.com

## (ਪੰਜ)

ਗੁਰਦੇਵ ਅਤੇ ਜੀਤੂ ਟਾਇਰ ਰੇੜ੍ਹ ਕੇ ਦੁਕਾਨ ਤੇ ਰੱਖ ਆਏ, ਤੇ ਆ ਕੇ ਧੋਣ ਵਾਲੇ ਕਪੜੇ ਲੈ ਕੇ ਨਲਕੇ ਤੇ ਚਲੇ ਗਏ।

ਮਾਲਸ਼ ਵਾਲਾ ਬਾਸ਼ੇ ਦੇ ਸਿਰ ਵਿਚ ਤੇਲ ਝੱਸ ਰਿਹਾ ਸੀ। ਬਾਸ਼ਾ ਸ਼ਹਿਨਸ਼ਾਹਾਂ ਵਾਂਗ ਅੱਖਾਂ ਮੀਚੀ ਅਨੰਦ ਲੈ ਰਿਹਾ ਸੀ। ਫਿਰ ਮਾਲਸ਼ ਵਾਲਾ ਕਦੇ ਮੋਢੇ ਕਦੇ ਮੌਰ, ਕਦੇ ਧੌਣ ਦੀ ਮੁੱਠੀ-ਚਾਪੀ ਕਰਨ ਲੱਗਾ।

ਜੀਤੂ ਪਾਣੀ ਦੀ ਬਾਲਟੀ ਲੈ ਕੇ ਗਡੀ ਧੋਣ ਲੱਗ ਪਿਆ।

ਇਕ ਪਾਸੇ ਨਾਈ ਤੋਂ ਇਕ ਡਰਾਈਵਰ ਲੱਤਾਂ ਮੁਨਾ ਰਿਹਾ ਸੀ। ਕੋਲ ਹੀ ਇਕ ਸੈਂਟ ਵਾਲਾ ਕਿਸੇ ਡਰਾਈਵਰ ਦੇ ਸੈਂਟ ਲਾ ਰਿਹਾ ਸੀ।

—ਓਏ ਜੀਤੂ।' ਬਾਸ਼ੇ ਨੇ ਆਵਾਜ਼ ਮਾਰੀ ਤਾਂ ਜੀਤੂ ਭੱਜਾ ਆ ਗਿਆ।

—ਤੂੰ ਐਂ ਕਰ ਮੇਰਾ ਕੁੜਤਾ ਬਨੈਣ ਤੇ ਨੀਕਰ ਗੁਰਦੇਵ ਨੂੰ ਫੜਾਇਆ... ਉਹ ਵੀ ਧੋਤੇ ਜਾਣਗੇ ਵਿਚੇ।'

ਜੀਤੂ ਨੇ ਬਾਸ਼ੇ ਦੇ ਕੁਪੜੇ ਕੱਢੇ ਤੇ ਗੁਰਦੇਵ ਕੋਲ ਲਿਜਾ ਸਿੱਟੇ।

—ਇਹ ਕੀ ?' ਗੁਰਦੇਵ ਨੇ ਹੈਰਾਨ ਹੋ ਕੇ ਪੁੱਛਿਆ।

—ਉਸਤਾਦ ਕਹਿੰਦਾ ਇਹਨਾਂ ਦਾ ਵੀ ਕੱਢ ਦੇ ਪਾਣੀ।' ਆਖਕੇ ਜੀਤੂ ਚਲਿਆ।

ਗੁਰਦੇਵ ਹੈਰਾਨ ਹੋ ਕੇ ਬਾਸ਼ੇ ਦੇ ਕਪੜਿਆਂ ਵੱਲ ਵੇਖਣ ਲੱਗਾ। ਉਸ ਨੂੰ ਆਪਣਾ ਘਰ ਯਾਦ ਆਇਆ। ਉਹ ਨਹਾ ਕੇ ਆਪਣੀ ਨੀਕਰ ਵੀ ਨਹੀਂ ਸੀ ਧੋਂਦਾ ਹੁੰਦਾ। ਉਸ ਦੀ ਮਾਂ ਲੜਦੀ ਹੁੰਦੀ ਸੀ :

—ਐਡਾ ਬੋਕ ਹੋ ਗਿਆ, ਆਪਣੀ ਨੀਕਰ ਬਨੈਣ ਵੀ ਨੀ ਧੋ ਸਕਦਾ। ਮੈਂ ਸੋਹਣੀ ਲਗਦੀ ਐਂ, ਤੇਰੀਆਂ ਨੀਕਰਾਂ ਧੋਂਦੀ।'

—ਬੇਬੇ ਮੈਨੂੰ ਧੋਣੇ ਨੀ ਆਉਂਦੇ।' ਗੁਰਦੇਵ ਕਹਿੰਦਾ।



Academy of the Punjab in North America: http://www.apnaorg.com

—ਧੋਣੇ ਸਿੱਖ ਲਾ, ਕਿਤੇ ਲੋੜ ਈ ਪੈ ਜਾਂਦੀ ਐ।' ਮਾਂ ਕਹਿੰਦੀ ਹੁੰਦੀ ਸੀ।

ਗੁਰਦੇਵ ਸਾਬਣ ਲਾਉਂਦਾ ਸੋਚੀਂ ਪੈ ਗਿਆ। ਫਿਰ ਫਿੱਕਾ ਜਿਹਾ ਹੱਸਿਆ, ਬਾਸ਼ੇ ਦੇ ਬੋਲ ਯਾਦ ਆਂਗੇ—'ਡਰੇਵਰਾਂ ਦੀ ਰੰਨ ਬਣਕੇ ਰਹਿਣਾ ਪੈਂਦਾ।' ਫਿਰ ਆਪਣੇ ਆਪ ਨੂੰ ਕਿਹਾ—'ਜੇ ਗੌਂਅ ਲੈਣਾ ਤਾਂ ਰੰਨ ਵੀ ਬਣਨਾ ਪਊ ਮਿੱਤਰਾ।' ਤੇ ਉਹ ਕਪੜਿਆਂ ਨੂੰ ਸਾਬਣ ਲਾ ਕੇ ਕੁਚੱਜੀਆਂ ਤੀਵੀਆਂ ਵਾਂਗ ਕਾਹਲੀ ਕਾਹਲੀ ਉਹਨਾਂ ਨੂੰ ਮਲਣ ਲੱਗਾ।

ਹੋਟਲ ਦੇ ਮਾਲਕ ਨੇ ਮੋਟਰ ਚਲਾ ਕੇ ਪਾਣੀ ਦਾ ਹੌਦ ਭਰ ਦਿੱਤਾ ਸੀ। ਪੰਜ ਛੇ ਡਰਾਈਵਰ ਕਪੜੇ ਲਾਹਕੇ ਨਹਾਉਣ ਲਈ ਤਿਆਰ ਹੋਏ ਫਿਰਦੇ ਸਨ। ਇਕ ਚਾਂਭਲ ਕੇ ਡੰਡ ਬੈਠਕਾਂ ਕੱਢ ਰਿਹਾ ਸੀ। ਇਕ ਐਵੇਂ ਹੀ ਪੱਟਾਂ 'ਤੇ ਥਾਪੀਆਂ ਮਾਰ ਰਿਹਾ ਸੀ। ਵਧੇ ਢਿੱਡ, ਢਿਲੇ ਮਾਸ, ਉਹਨਾਂ ਨੂੰ ਵੇਖਕੇ ਹਾਸਾ ਆਉਂਦਾ ਸੀ।

—ਕੌਡੀ ਖੇਡਣੀ ਐ?' ਇਕ ਨੇ ਥਾਪੀ ਮਾਰੀ।

—ਆ ਜਾ।' ਦੂਜੇ ਨੇ ਵੰਗਾਰਿਆ।

—ਹੋ ਜੋ ਫਿਰ ਤਿੰਨ ਤਿੰਨ।'

ਉਹਨਾਂ ਨੇ ਉਥੇ ਈ ਲਕੀਰ ਖਿੱਚ ਕੇ ਪਾਲਾ ਵਲ ਲਿਆ।

—ਜਿਹੜਾ ਪਾਸਾ ਹਾਰੂ, ਦੂਜਿਆਂ ਨੂੰ ਰੋਟੀਆਂ ਖੁਆਊ।' ਇਕ ਬੋਲਿਆ।

—ਠੀਕ ਐ।'

—ਪਹਿਲਾਂ ਘੁੱਟ ਮਾਰ ਲੈਣ ਦੇ ਫੇਰ?' ਇਕ ਡਰਾਈਵਰ ਆਪਣੇ ਡੌਲਿਆਂ ਤੇ ਹੱਥ ਮਾਰਦਾ ਹੋਟਲ ਵੱਲ ਹੋਇਆ, ਤੇ ਨੌਕਰ ਨੂੰ ਸ਼ਰਾਬ ਦੇਣ ਲਈ ਆਰਡਰ ਮਾਰਿਆ।

ਪੀਕੇ ਖੰਘੁਰਾ ਮਾਰ ਕੇ, ਉਹ ਮੈਦਾਨ 'ਚ ਆ ਗਿਆ,...'ਆਉ ਬਈ।'

—ਰੈਫਰੀ ਤਾਂ ਹੈ ਨੀ।' ਇਕ ਬੋਲਿਆ!

—ਬਾਸ਼ੇ ਨੂੰ ਉਠਾ ਲੋ।'

ਤੇ ਬਾਸ਼ਾ ਰੈਫਰੀ ਬਣ ਗਿਆ। ਜੀਤੂ ਅਜੇ ਵੀ ਗੱਡੀ ਧੋ ਰਿਹਾ ਸੀ ਤੇ ਗੁਰਦੇਵ ਕੱਪੜੇ ਧੋ ਕੇ ਸੁੱਕਣੇ ਪਾ ਰਿਹਾ ਸੀ।

Academy of the Punjab in North America: http://www.apnaorg.com

ਕਬੱਡੀ ਦਾ ਮੈਚ ਸ਼ੁਰੂ ਹੋ ਗਿਆ ।

ਇਕ-ਇਕ ਵਾਰ ਹਰ ਇਕ ਨੂੰ ਕਬੱਡੀ ਪਾਉਣ ਜਾਣਾ ਪਿਆ । ਉਹਨਾਂ ਨੂੰ ਸਾਹ ਚੜ੍ਹ ਗਿਆ । ਹੌਂਕਣ ਲੱਗੇ । ਜਿਹੜਾ ਵੀ ਫੜਿਆ ਜਾਂਦਾ, ਥਾਏਂ ਖੜ੍ਹਾ ਮੰਨ ਜਾਂਦਾ । ਜ਼ੋਰ ਲਾ ਕੇ ਨਿਕਲਣ ਦੀ ਜਾਂ ਘਰਚਾਨੀ ਦੇਣ ਦੀ ਹਿੰਮਤ ਕਿਸੇ ਵਿਚ ਵੀ ਨਹੀਂ ਸੀ । ਦੋਹਾਂ ਧਿਰਾਂ ਦੇ ਇਕੋ ਜਿੰਨੇ ਪੁਆਇੰਟ ਸਨ । ਥੋੜ੍ਹੇ ਚਿਰ 'ਚ ਹੀ ਉਹਨਾਂ ਦੀ ਭਿਆਂ ਹੋ ਗਈ ।

—ਆਪੋ ਆਪਣੀਆਂ ਖਾਉ ਹੁਣ ।' ਕਹਿ ਕੇ ਬਾਸ਼ਾ ਵੀ ਨਹਾਉਣ ਲੱਗਾ ।

ਇਕ ਬਹੁਤ ਹੀ ਵੱਡੇ ਢਿੱਡ ਆਲਾ ਡਰਾਈਵਰ ਅਜੇ ਵੀ ਪਾਲੇ ਕੋਲ ਖੜ੍ਹਾ ਥਾਪੀਆਂ ਮਾਰ ਰਿਹਾ ਸੀ ਤੇ ਹੌਂਕ ਰਿਹਾ ਸੀ ।...

—ਮੈਂ ਤਾਂ ਬਹਿ ਜਾ ਬਹਿ ਜਾ ਕਰਾ ਦਿੰਦਾ ਭੱਜਗੇ...ਸਾਰੇ...।'

—ਆਈਏ ਫੇਰ ।' ਨਹਾਉਣ ਲੱਗੇ ਇਕ ਡਰਾਈਵਰ ਨੇ ਵੰਗਾਰਿਆ ।

—ਫੇਰ ਤਾਂ ਫੇਰ ਸਹੀ',—ਆਖ ਕੇ ਉਹ ਵੀ ਨਹਾਉਣ ਵਾਲਿਆਂ ਵਿਚ ਸ਼ਾਮਲ ਹੋ ਗਿਆ ।

ਨਹਾ ਧੋ ਕੇ ਉਹ ਮੰਜਿਆਂ ਤੇ ਆ ਬੈਠੇ । ਹੋਟਲ ਤੇ ਵਜਦੀ ਟੇਪ ਤੇ ਮਾਣਕ ਗਾ ਰਿਹਾ ਸੀ । ਰੋਟੀ ਦਾ ਆਰਡਰ ਦਿੱਤਾ ਗਿਆ ।

ਹੋਟਲ ਦੀ ਭੱਠੀ ਤੇ ਲੱਗਦੇ ਤੜਕਿਆਂ ਦੀ ਮਹਿਕ ਚੁਫੇਰੇ ਫੈਲੀ ਹੋਈ ਸੀ । ਸੜਕ ਦੇ ਦੋਹੀਂ ਪਾਸੀਂ ਟਰੱਕ ਅਤੇ ਹੋਰ ਗੱਡੀਆਂ ਖੜ੍ਹੀਆਂ ਸਨ । ਡਰਾਈਵਰ ਮੰਜਿਆਂ ਉਤੇ ਇਉਂ ਬੈਠੇ ਅਤੇ ਲੇਟੇ ਹੋਏ ਸਨ, ਜਿਵੇਂ ਕਿਸੇ ਤਕੜੇ ਖਾਂਦੇ ਪੀਂਦੇ ਘਰ ਦੀ ਬਰਾਤ ਆਈ ਹੋਏ ।

ਰੋਟ ਖਾ ਕੇ ਉਹ ਤੁਰ ਪਏ ।

ਕੁਝ ਮੀਲ ਹੀ ਗਏ ਸਨ । ਅੱਗੇ ਫਿਰ ਚੈਕਿੰਗ ਵਾਲਿਆਂ ਨਾਕਾ ਲਾਇਆ ਹੋਇਆ ਸੀ । ਕੁਝ ਟਰੱਕ, ਜਿਹਨਾਂ ਕੋਲ ਕਾਗਜ਼ ਪੱਤਰ ਸਹੀ ਨਹੀਂ ਸਨ; ਨਾਕੇ ਤੋਂ ਉਰਾਂ ਹੀ ਰੋਕੇ ਹੋਏ ਸਨ ।

—ਏਹਨਾਂ ਨੇ ਬੜਾ ਲਹੂ ਪੀਤੈ ਯਾਰ ।' ਬਾਸ਼ਾ ਖਿਝਿਆ ।...'ਐਂ ਤਾਂ ਆਪਾਂ ਹਫਤੇ ਵਿਚ ਨੀ ਪਹੁੰਚਣਾ ਕਲਕੱਤੇ ।'

ਗੱਡੀ ਹੌਲੀ ਕਰਕੇ ਉਸ ਨੇ ਰੋਕ ਲਈ ਤੇ ਕੁਝ ਪਲ ਸੋਚਦਾ ਰਿਹਾ । ਫਿਰ

Academy of the Punjab in North America: http://www.apnaorg.com

ਉਸਨੇ ਜੀਤੂ ਨੂੰ ਕਿਹਾ—'ਚੱਲ ਉਪਰ ਹੁੱਡ ਤੇ ।...ਤੂੰ ਵੀ ਚੱਲ ।' ਉਸਨੇ ਗੁਰਦੇਵ ਨੂੰ ਵੀ ਕਿਹਾ ।

ਹੈਰਾਨ ਹੋਏ ਦੋਵੇਂ ਖਿੜਕੀ ਖੋਹਲ ਕੇ ਉਪਰ ਹੁੱਡ ਤੇ ਚੜ੍ਹ ਗਏ । ਬਾਸ਼ੇ ਨੇ ਪਹਿਲਾਂ ਕਮੀਜ਼ ਲਾਹਿਆ, ਫਿਰ ਚਾਦਰਾ, ਫਿਰ ਬਨੈਣ ਤੇ ਨੀਕਰ । ਅਲਫ਼ ਨੰਗਾ ਹੋ ਕੇ ਉਸਨੇ ਗੱਡੀ ਸਟਾਰਟ ਕਰ ਲਈ ਤੇ ਟਰੱਕਾਂ ਦੀ ਖੜ੍ਹੀ ਲੰਮੀ ਕਤਾਰ ਦੇ ਸੱਜੇ ਪਾਸੇ ਦੀ ਨਾਕੇ ਵੱਲ ਤੋਰ ਲਈ

—ਅੱਗੇ ਪਤੰਦਰ ਖੜੇ ।' ਕਈਆਂ ਨੇ ਉਸ ਨੂੰ ਖ਼ਬਰਦਾਰ ਕੀਤਾ ।

ਬਾਸ਼ਾ ਲਾ-ਪਰਵਾਹੀ ਨਾਲ ਤੁਰਿਆ ਗਿਆ । ਹੁੱਡ ਤੇ ਬੈਠੇ ਜੀਤੂ ਅਤੇ ਗੁਰਦੇਵ ਵੀ ਹੈਰਾਨ ਸਨ, ਜਦੋਂ ਸਾਰੇ ਟਰੱਕਾਂ ਵਾਲੇ ਖੜ੍ਹੇ ਹਨ, ਏਹਦੇ ਤੇ ਕੀ ਭੂਤ ਸਵਾਰ ਹੋ ਗਿਆ ?

ਕੁਝ ਡਰਾਈਵਰ ਬਾਸ਼ੇ ਦੀ ਲਾਹ-ਪਾਹ ਹੁੰਦੀ ਦੇਖਣ ਲਈ ਗੱਡੀ ਦੇ ਮਗਰ ਹੋ ਤੁਰੇ ।

ਓਵਰ-ਟੇਕ ਕਰਕੇ ਤੁਰੀ ਆਉਂਦੀ ਗੱਡੀ ਨੂੰ ਰੋਕਣ ਲਈ ਸਿਪਾਹੀ ਨੇ ਅੱਗੇ ਵਧ ਕੇ, ਡਰਾਈਵਰ ਨੂੰ ਸਾਈਡ ਕਰਨ ਲਈ ਇਸ਼ਾਰਾ ਕੀਤਾ । ਬਾਸ਼ਾ ਰੁਕਿਆ ਨਹੀਂ, ਸਿਪਾਹੀ ਨੇ ਡੰਡਾ ਉਘਾਰਿਆ ।

—ਹਮ ਠੀਕ ਨਹੀਂ ਹੈਂ ।' ਬਾਸ਼ਾ ਨੇ ਹੌਲੀ ਹੌਲੀ ਤੋਰਦੇ ਨੇ ਕਿਹਾ ।

—ਹਮ ਬੋਲਾ ਗਾੜੀ ਰੋਕੋ ।' ਸਿਪਾਹੀ ਹਰਖਿਆ ।

—ਅਰੇ ਹੌਲਦਾਰ ਜੀ ਹਮ ਠੀਕ ਨਹੀਂ ਹੈਂ ।' ਬਾਸ਼ੇ ਨੇ ਭੋਲਾ ਜਿਹਾ ਬਣਦਿਆਂ ਗੱਡੀ ਹੱਕ ਲਈ ।

—ਕਾ ਠੀਕ ਨਹੀਂ ਸਾਲਾ, ਨੀਚੇ ਉਤਰੋ ।' ਸਿਪਾਹੀ ਨੇ ਫਿਰ ਰੋਹਬ ਮਾਰਿਆ ।

—ਅਰੇ ਗਾਲੀ ਨਹੀਂ ਦੇਗਾ । ਬੋਲ ਦੀਆ ।'.....ਬਾਸ਼ੇ ਨੇ ਅੱਖਾਂ ਦਿਖਾਈਆਂ ।

—ਨੀਚੇ ਉਤਰੋ ।

—ਬੋਲਾ ਹਮ ਠੀਕ ਨਹੀਂ ਹੈਂ ।'

ਰੌਲਾ ਪੈ ਗਿਆ । ਕੁਝ ਡਰਾਈਵਰ ਹੋਰ ਇਕੱਠੇ ਹੋ ਗਏ ।

Academy of the Punjab in North America: http://www.apnaorg.com

ਟਰਾਂਸਪੋਰਟ ਅਫ਼ਸਰ ਵੀ ਆ ਗਿਆ।

—ਅਰੇ ਕਿਆ ਬਾਤ ਹੈ ?' ਇਕੱਠ ਵੇਖ ਕੇ ਅਫਸਰ ਨੇ ਪੁੱਛਿਆ—

—ਯੇਹ ਗਾੜੀ ਨਹੀਂ ਰੋਕਤਾ ਹੈ। ਨੀਚੇ ਉਤਰਨੇ ਕੋ ਬੋਲਾ, ਨੀਚੇ ਨਹੀਂ ਉਤਰਤਾ ਹੈ। ਕਾਗਜ਼ ਨਹੀਂ ਦਿਖਾਤਾ ਹੈ...' ਸਿਪਾਹੀ ਨੇ ਸ਼ਕਾਇਤ ਕੀਤੀ।

—ਕਾਗਜ਼ ਲਾਓ।' ਅਫਸਰ ਨੇ ਬਾਸ਼ੇ ਵੱਲ ਦੇਖਦਿਆਂ ਹੁਕਮ ਦਿੱਤਾ।

—ਸਾਹਬ ਜੀ...ਹਮ ਠੀਕ ਨਹੀਂ ਹੈਂ ਜੀ।' ਬਾਸ਼ੇ ਨੇ ਹੱਥ ਜੋੜੇ।

—ਅਰੇ ਕਿਆ ਠੀਕ ਨਹੀਂ ਹੈ ?' ਅਫਸਰ ਨੇ ਖਿੜਕੀ ਨੂੰ ਹੱਥ ਪਾ ਲਿਆ।

—ਸਾਹਬ ਜੀ ਖਿੜਕੀ ਨਹੀਂ ਖੋਲ੍ਹਣਾ ਜੀ, ਹਮ ਠੀਕ ਨਹੀਂ ਹੈਂ ਜੀ।' ਬਾਸ਼ੇ ਨੇ ਰੋਣ ਵਰਗਾ ਮੂੰਹ ਬਣਾ ਲਿਆ।

—ਨੀਚੇ ਉਤਰ ਸਾਲਾ!' ਆਖਦਿਆਂ ਅਫਸਰ ਨੇ ਖਿੜਕੀ ਖੋਹਲੀ ਤਾਂ ਬਾਸ਼ੇ ਨੂੰ ਅਲਫ਼ ਨੰਗਾ ਬੈਠਾ ਵੇਖ ਕੇ—'ਫੜਾਕ' ਦੇਣੇ ਖਿੜਕੀ ਫੇਰ ਬੰਦ ਕਰ ਦਿੱਤੀ।

—ਤੁਮ ਸਾਲਾ।' ਅਫਸਰ ਕੁਝ ਕਹਿ ਨਾ ਸਕਿਆ।

—ਪੀਛੇ ਸਭ ਕੱਪੜਾ ਚੋਰੀ ਹੋ ਗਿਆ ਜੀ। ਕਿਆ ਕਰੂੰ ਜੀ।' ਬਾਸ਼ੇ ਨੇ ਫਿਰ ਹੱਥ ਜੋੜੇ।

—ਭਾਗ ਸਾਲਾ।' ਅਫਸਰ ਨੇ ਸਾਹਮਣੇ ਟਾਇਰ ਤੇ ਬੂਟ ਦਾ ਠੁੱਡਾ ਮਾਰਿਆ।

ਬਾਸ਼ੇ ਨੇ ਗੀਅਰ ਲਾਇਆ ਤੇ ਪਰ੍ਹਾਂ ਹੁੰਦਿਆਂ ਹੀ ਚੀਕ ਮਾਰਕੇ ਖੁਸ਼ੀ ਪ੍ਰਗਟਾਈ।

ਡਰਾਈਵਰਾਂ ਦੀ ਭੀੜ ਤਾੜੀਆਂ ਮਾਰ ਕੇ ਹੱਸ ਪਈ, ਕਈਆਂ ਨੇ ਆਖਿਆ—ਅਹ ਗਿਆ...ਔਹ ਗਿਆ।

—ਬੜੀ ਕੁੱਤੀ ਸ਼ੈਅ ਆ ਬਾਸ਼ਾ।' ਕਿਸੇ ਹੋਰ ਨੇ ਕਿਹਾ।

ਬਾਸ਼ਾ ਪਲ ਪਲ ਦੂਰ ਹੁੰਦਾ ਜਾ ਰਿਹਾ ਸੀ।

Academy of the Punjab in North America: http://www.apnaorg.com

## (ਛੇ)

ਇਕ ਹੋਟਲ ਤੇ ਆ ਕੇ ਬਾਸ਼ੇ ਨੇ ਗੱਡੀ ਰੋਕ ਲਈ ।

ਬਿਹਾਰ ਬਾਰਡਰ ਪਾਰ ਕਰਕੇ, ਬਾਸ਼ਾ ਬੰਗਾਲ ਦੀ ਕਾਲੀ ਮਿੱਟੀ ਦੀ ਜਾਣੀ ਪਹਿਚਾਣੀ ਸੁਗੰਧ ਨਾਲ ਨਸ਼ਿਆ ਗਿਆ । ਦੂਰ ਤੀਕਰ ਵੀਰਾਨ ਦਿਸਦੀ ਜੀ. ਟੀ. ਰੋਡ ਸ਼ਾਮ ਦੇ ਸੁਰਮਈ ਹਨੇਰੇ ਵਿਚ, ਕੁੰਜ ਆਈ ਦਮੂੰਹੀ ਸੱਪਣੀ ਵਾਂਗ ਛਾਪਲੀ ਪਈ ਸੀ । ਬਾਸ਼ਾ ਹੈਰਾਨ ਹੋਇਆ, 'ਐਨੀ ਸੁੰਨਸਾਨ...?' ਉਸ ਨੇ ਚਾਹ ਵਾਲਾ ਖਾਲੀ ਗਲਾਸ ਬੈਂਚੀ ਤੇ ਰੱਖ ਕੇ, ਖੀਸੇ ਵਿਚੋਂ ਜਰਦੇ ਦੀ ਪੁੜੀ ਕੱਢੀ ਤੇ ਆਪਣੀ ਤਲੀ ਤੇ ਰੱਖੇ ਚੂਨੇ ਨਾਲ ਰਲਾ ਕੇ ਮਲਦਿਆਂ, ਨੀਵੀਂ ਪਾਈ ਬੈਠੇ ਊਂਘਦੇ ਜੀਤੂ ਵਲ ਝਾਕਿਆ । ਜੀਅ ਕੀਤਾ...ਕਹੇ, 'ਕੰਜਰਾ ਪਾਣੀ ਲੈਂਦਾ ਆਇਐਂ ?' ਫਿਰ ਸੋਚਿਆ,...ਦੋ ਤਿੰਨ ਵਾਰੀ ਲੋਡੂ ਗੱਡੀ ਦਾ ਜੈੱਕ ਲਾਉਣਾ ਪਿਐ, ਥੱਕਿਆ ਹੋਊਗਾ...ਪਿਆ ਰਹਿਣ ਦੇ । ਗੁਰਦੇਵ ਵੀ ਨਿਢਾਲ ਜਿਹਾ ਹੋਇਆ ਪਿਆ ਸੀ । ਬਾਸ਼ਾ ਬਾਂਹ ਵਿਚ ਪੈਸਿਆਂ ਵਾਲੀ ਥੈਲੀ ਲਟਕਾਈ ਫਿਰਦੇ ਹੋਟਲ ਦੇ ਮਾਲਕ ਕੋਲ ਜਾ ਖੜ੍ਹਾ ।

—ਭਾਊ ਚਿਕਨ ਚੁਕਨ ਤਾਂ ਨੀ ਲੱਗੀ ਕਿਤੇ ? ਕੋਈ ਗੱਡੀ ਨੀ ਆਉਂਦੀ ਕਲਕੱਤੇ ਅਲੋਂ ?' ਉਸਨੇ ਜਰਦੇ ਦੀ ਚੁਟਕੀ ਭਰੀ ਤੇ ਬੁੱਲ੍ਹਾਂ 'ਚ ਨੱਪ ਲਈ । ਫਿਰ ਲੰਮਾ ਕਰਕੇ ਥੁੱਕਿਆ ਤੇ ਆਪਣੀ ਤਲੀ ਝਾੜਨ ਲੱਗ ਪਿਆ ।

—ਚਿਕਨ (ਚੈਕਿੰਗ) ਤਾਂ ਹੁਣ ਕਦੇ ਲੱਗੀ ਨੀ ਭਾ । ਇੱਛਾ ਪੁਰ ਰੂਟ ਦੇ ਡਰੈਵਰਾਂ, ਮਿਸਟੇਇ ਦੀ ਧੁਲਾਈ ਕੀਤੀ ਇਕ ਐਰਾਂ । ਉਹ ਵੀ ਸਾਲਾ ਐਦਾਂ ਈ ਜਾਮ ਲਾਈ ਰੱਖਦਾ, ਦੋ-ਦੋ ਦਿਨ । ਡਰੈਵਰਾਂ ਮੂੰਹ ਕਾਲਾ ਕਰਕੇ, ਖੋਤੇ ਤੇ ਚਾੜ੍ਹਿਆ । ਤੋਬਾ ਕਰਾ ਛੱਡੀ ਕਿ...।'

—ਉਹਦਾ ਤਾਂ ਪਤੈ ਮੈਨੂੰ । ਐਧਰੇ ਈ ਚੱਲੀਦਾ ਐਂ ।' ਬਾਸ਼ੇ ਨੇ ਜਾਣਕਾਰੀ ਦਿੱਤੀ ਤੇ ਫਿਰ ਜੀਤੂ ਕੋਲ ਆਣ ਖੜ੍ਹਾ ।

—ਓਏ ਜੀਤੂ ।' ਉਸਨੇ ਜੀਤੂ ਨੂੰ ਹਲੂਣਿਆ ਤਾਂ ਗੁਰਦੇਵ ਵੀ ਸਾਵਧਾਨ



Academy of the Punjab in North America: http://www.apnaorg.com

ਹੋ ਗਿਆ। ਜੀਤੂ ਐਂ ਤ੍ਰਭਕ ਕੇ ਉਠਿਆ, ਪੈਰਾਂ ਹੇਠ ਜਿਵੇਂ ਸੱਪ ਆ ਗਿਆ ਹੋਵੇ।

—ਪਾਣੀ ਪੂਣੀ ਪਾ ਲਾ ਗੱਡੀ 'ਚ, ਕਿ ਤੁਰਨਾ ਈ ਨੀ ਹੁਣ ?' ਬਾਸ਼ਾ ਘੁਰਕਿਆ।

ਜੀਤੂ ਉਠਿਆ ਤੇ ਕਾਹਲੀ ਨਾਲ ਹੋਟਲ ਤੋਂ ਪਾਣੀ ਵਾਲਾ ਡੱਬਾ ਲੈ ਕੇ ਰੇਡੀਏਟਰ 'ਚ ਪਾਣੀ ਪਾਉਣ ਲੱਗਿਆ।

—ਟਾਇਰ ਵੀ ਠੋਰ ਲੀਂ।' ਆਖ ਕੇ ਬਾਸ਼ਾ ਲੱਕ ਸਿੱਧਾ ਕਰਨ ਲਈ ਮੰਜੇ ਤੇ ਪੈ ਗਿਆ। ਬਾਹਾਂ ਸਿਰੋਂ ਉਤਾਂਹ ਖਿੱਚ ਕੇ, ਤੇ ਲੱਤਾਂ ਅਕੜਾ ਕੇ ਉਸਨੇ ਖਿੱਚ ਕੇ ਆਕੜ ਭੰਨੀ। ਖਿੱਚੀਆਂ ਨਾੜਾਂ ਨਿੱਸਲ ਹੋ ਕੇ ਸਰੀਰ 'ਚੋਂ ਭਾਫ ਕੱਢ ਗਈਆਂ।

ਹਨੇਰਾ ਹੋ ਰਿਹਾ ਸੀ। ਜੀਤੂ ਨੇ ਤਰਕਾਲਾਂ ਵੇਲੇ ਦੀ ਅਗਰਬੱਤੀ ਵੀ ਜਲਾ ਲਈ। ਫਿਰ ਥੱਲੇ ਉਤਰਿਆ, ਟਾਇਰਾਂ ਨਾਲੋਂ ਓਟਾਂ ਹਟਾਈਆਂ ਤੇ ਬਾਸ਼ੇ ਨੂੰ ਆਵਾਜ਼ ਮਾਰੀ।

—ਉਸਤਾਦ ਚੱਲੀਏ ਹੁਣ ?'

ਬਾਸ਼ਾ ਹੰਭਲਾ ਮਾਰ ਕੇ ਉਠਿਆ ਤੇ ਆ ਕੇ ਖਿੜਕੀ ਖੋਹਲ ਕੇ ਆਪਣੀ ਸੀਟ ਤੇ ਆ ਬੈਠਾ। ਅਗਰਬੱਤੀ ਦੀ ਸੁਗੰਧੀ ਨਾਲ ਕੈਬਿਨ ਮਹਿਕਿਆ ਹੋਇਆ ਸੀ। ਬਾਸ਼ੇ ਦਾ ਚਿੱਤ ਖਿੜ ਗਿਆ। ਉਹ ਸਾਹਮਣੇ ਸ਼ੀਸ਼ੇ ਤੇ ਚਿਪਕਾਈ ਜ਼ੀਨਤ ਅਮਾਨ ਦੀ ਪੌਣੀ ਨੰਗੀ ਤਸਵੀਰ ਵੱਲ ਝਾਕਿਆ। ਅਗਰਬੱਤੀ ਦਾ ਧੂੰਆਂ ਉਸਦੀ ਜ਼ੁਲਫ ਵਾਂਗ ਹੀ ਵਲ ਖਾਂਦਾ ਇਧਰ ਉਧਰ ਘੁੰਮ ਰਿਹਾ ਸੀ। ਉਸ ਨੂੰ ਆਪਣੀ ਪਤਨੀ ਯਾਦ ਆ ਗਈ। ਤੁਰਨ ਵੇਲੇ ਉਸਨੇ ਆਪਣੇ ਚਿਹਰੇ ਤੇ ਲਿਆਂਦੀ ਜ਼ਬਰੀ ਮੁਸ-ਕਰਾਹਟ ਉਸਨੂੰ ਦਿਸੀ। ਖੱਬੇ ਪਾਸੇ ਆ ਬੈਠੇ ਜੀਤ ਅਤੇ ਗੁਰਦੇਵ ਤੋਂ ਅਵੇਸਲਾ ਉਹ ਦੂਰ ਆਪਣੇ ਪਿੰਡ ਪਹੁੰਚਿਆ ਹੋਇਆ ਸੀ। ਉਸਦੀ ਪਤਨੀ ਤਖਤਿਆਂ ਦਾ ਸਹਾਰਾ ਲੈ ਕੇ ਖੜ੍ਹੀ ਸੀ ਤੇ ਭਰੀਆਂ ਅੱਖਾਂ ਨੂੰ ਡੁਲ੍ਹਣ ਤੋਂ ਰੋਕਣ ਦੇ ਯਤਨ ਵਿਚ ਸੀ...

— ਉਸਤਾਦ ਕੀ ਗੱਲ ਹੋਗੀ ?' ਜੀਤੂ ਦੇ ਬੋਲਣ ਨਾਲ ਉਹ ਤ੍ਰਭਕਿਆ। ਆਪਣਾ ਸਿਰ ਛੰਡਿਆ ਤੇ ਫਿੱਕਾ ਜਿਹਾ ਮੁਸਕਰਾ ਕੇ, ਗੱਡੀ ਸਟਾਰਟ ਕਰ ਲਈ। ਸਟੇਰਿੰਗ ਨੂੰ ਹੱਥ ਲਾ ਕੇ ਕੰਨਾਂ ਨੂੰ ਲਾਏ। ਫਿਰ ਕਲੱਚ ਦੱਬ ਕੇ ਗੀਅਰ ਲਾਇਆ ਤੇ ਆਸਤੇ ਆਸਤੇ ਕਲੱਚ ਛੱਡਦਿਆਂ, ਐਕਸੀਲੇਟਰ ਦਾਬਦਿਆਂ ਗੱਡੀ ਤੋਰ ਲਈ।

Academy of the Punjab in North America: http://www.apnaorg.com

—ਕੱਲ੍ਹ ਨੂੰ ਆਪਾਂ ਕਲਕੱਤੇ ਮਾਲ ਲਾਹੁਣੈ ਪੁੱਤਰਾ !' ਬਾਸ਼ੇ ਨੇ ਜੀਤੂ ਦੇ ਪੱਟ ਤੇ ਧੱਫਾ ਮਾਰਿਆ ।

ਬਾਹਰ ਸੁਰਮਈ ਹਨੇਰਾ, ਅਮੀਫ ਰੰਗ ਹੋਇਆ ਪਿਆ ਸੀ । ਦੂਰ-ਦੂਰ ਦੁਪਾਸੀਂ ਬਸਤੀਆਂ ਵਿਚ ਦੀਵੇ ਜਾਂ ਬਿਜਲੀ ਦੀ ਰੌਸ਼ਨੀ ਸੀ । ਸਾਹਮਣਿਓਂ ਆਉਂਦੀ ਗੱਡੀ ਨੂੰ ਡਿੰਮ੍ਹ-ਫੁੱਲ ਮਾਰ ਕੇ (ਡਿੱਪਰ) ਉਸਨੇ ਐਕਸੀਲੇਟਰ ਹੋਰ ਨੱਪ ਦਿੱਤਾ ।

ਹਵਾ ਵਿਚ ਨਿੰਮੀ ਨਿੰਮੀ ਠੰਡ ਸੀ । ਮੌਸਮ ਬੜਾ ਹੀ ਬੇਈਮਾਨ ਲੱਗਦਾ ਸੀ । ਡਰਾਈਵਰ ਸੱਚੇ ਮਨੋਂ ਕਦੇ ਕਦੇ ਬਾਸ਼ੇ ਦਾ ਕਲੀਆਂ ਲਾਉਣ ਨੂੰ ਜੀਅ ਕਰਦਾ ਸੀ । ਉਸਨੇ ਸ਼ੀਸ਼ੇ ਤੇ ਚਿਪਕਾਈ ਜ਼ੀਨਤ ਅਮਾਨ ਦੀ ਤਸਵੀਰ ਨੂੰ ਹੀ ਲਾਚੜਦੇ ਹਨ । ਉਸਨੇ ਸ਼ੀਸ਼ੇ ਤੇ ਚਿਪਕਾਈ ਜ਼ੀਨਤ ਅਮਾਨ ਦੀ ਤਸਵੀਰ ਨੂੰ ਪਲੋਸਿਆਂ, ਫਿਰ ਲੋਰ ਵਿਚ ਆਇਆ ਸਟੀਰਿੰਗ ਵੀਲ੍ਹ ਤੇ ਤਾਲ ਦਿੰਦਾ ਮਿਰਜ਼ਾ ਗਾਉਣ ਲੱਗ ਪਿਆ । ਗੁਰਦੇਵ ਤੇ ਜੀਤ ਵੀ ਬਾਸ਼ੇ ਨੂੰ ਖੁਸ਼ ਵੇਖ ਕੇ ਟਹਿਕਰੇ ਵਿਚ ਹੋ ਗਏ ।

ਗੱਡੀ, ਜੀ. ਟੀ. ਰੋਡ ਨੂੰ ਰੌਂਦਦੀ, ਹਨੇਰੇ ਵਿਚ, ਚਾਨਣੀ ਸੁਰੰਗ ਬਣਾਉਂਦੀ ਆਲਾ ਦੁਆਲਾ ਪਿੱਛੇ ਛੱਡਦੀ ਜਾ ਰਹੀ ਸੀ ।

ਅਚਾਨਕ ਇਕ ਪਾਸਿਓਂ ਬਿਜਲੀ ਲਿਸ਼ਕੀ ਤੇ ਫਿਰ ਬੱਦਲ ਗਰਜਿਆ । ਫਿਰ ਪਲ ਕੁ ਬਾਅਦ ਸਾਹਮਣੇ ਸ਼ੀਸ਼ੇ ਉਪਰ ਪਾਣੀ ਦੀਆਂ ਬੂੰਦਾਂ ਲਿਸ਼ਕੀਆਂ ।

—ਜੀਤੂ ਕਣੀਆਂ ਡਿਗਦੀਐਂ...?'

ਜੀਤੂ ਨੇ ਬਾਹਰ ਮੂੰਹ ਕੱਢਿਆ, ਠੰਢੀ ਫੁਹਾਰ ਨਾਲ ਮੋਟੀਆਂ ਕਣੀਆਂ ਵੀ ਮੂੰਹ ਤੇ ਲੱਗੀਆਂ ।

—ਮੀਂਹ ਤਾਂ ਆਊ ਉਸਤਾਦ ।' ਜੀਤੂ ਨੇ ਮੂੰਹ ਅੰਦਰ ਕਰਦਿਆਂ ਕਿਹਾ ।

—ਤਰਪਾਲ ਠੀਕ ਐ ?' ਬਾਸ਼ੇ ਨੇ ਫ਼ਿਕਰ ਨਾਲ ਪੁੱਛਿਆ ।

—ਸਭ ਠੀਕ ਐ, ਉਸਤਾਦ, ਜਵਾਂ ਓ. ਕੇ. ਟਿੱਚਨ ।' ਠੰਢੀ ਫੁਹਾਰ ਨਾਲ ਜੀਤੂ ਪੂਰਾ ਚੁਸਤ ਹੋ ਗਿਆ ਸੀ ।

ਅਗਾਂਹ ਮੀਂਹ ਹੋਰ ਤੇਜ਼ ਹੋ ਗਿਆ । ਬਾਸ਼ੇ ਨੇ ਵਾਈਪਰ ਚਲਾ ਦਿੱਤਾ । ਗੱਡੀ ਟਾਪ ਗੀਅਰ 'ਚੋਂ ਚੌਥੇ 'ਚ ਲਾ ਲਈ । ਰਫਤਾਰ ਕੁਝ ਘਟ ਗਈ । ਗੱਡੀ ਉਪਰ ਪੂਰੇ ਕੰਟਰੋਲ ਦੇ ਵਿਸ਼ਵਾਸ਼ ਵਿਚ ਬਾਸ਼ੇ ਨੇ ਮਿਰਜ਼ੇ ਦੀ ਹੇਕ ਲਾਈ । ਮੀਂਹ ਦਾ ਸੰਗੀਤ ਸਾਨਗੀ ਵਾਂਗ ਉਸਦੇ ਬੋਲਾਂ ਦੇ ਇਕ ਮਿੱਕ ਹੋ ਗਿਆ ।

Academy of the Punjab in North America: http://www.apnaorg.com

ਸ਼ੀਸ਼ੇ ਦੇ ਅੰਦਰ ਧੁੰਦ ਜੰਮ ਗਈ। ਬਾਹਰਲੇ ਪਰਨਾਲੇ ਤੋੜ ਮੀਂਹ ਲਗਾਤਾਰ ਵਰ੍ਹ ਰਿਹਾ ਸੀ। ਬਾਸ਼ੇ ਨੇ ਲਾਡ ਵਿਚ ਜ਼ੀਨਤ ਦੀ ਤਸਵੀਰ ਪੂੰਝੀ ਤੇ ਫਿਰ ਬੋਲਿਆ,— 'ਆਏ ਹਾਏ' ਮੈਂ ਮਰਜਾਂ,.. ਤੂੰ ਭਿੱਜਗੀ ਸਹੁਰੀਏ—।'

ਪਿਛੋਂ ਇਕ ਜੀਪ ਉਹਨਾਂ ਨੂੰ ਪਾਰ ਕਰ ਗਈ ਤੇ ਉਹਨਾਂ ਦੇ ਸਾਹਮਣੇ ਹੌਲੀ ਹੌਲੀ ਚੱਲਣ ਲੱਗੀ। ਬਾਸ਼ੇ ਦਾ ਦਿਲ ਧੜਕਿਆ, 'ਰਾਤ ਬਰਾਤੇ ਜੀਪ ਤੇ ਹੀ ਗੱਡੀਆਂ ਲੁੱਟਦੇ ਹਨ। ਉਸਨੇ ਪੈਸੇ ਜੇਬ ਵਿਚੋਂ ਕੱਢਕੇ, ਗੱਡੀ ਵਿਚ ਬਣੇ ਇਕ ਚੋਰ ਖਾਨੇ ਵਿਚ ਰੱਖ ਦਿੱਤੇ।

ਅਚਾਨਕ . 'ਟੀਂ...ਈਂ...ਈਂ...ਤੇ ਫਿਰ ਫਿਸ ਫਿਸ...ਸੂੰਅ...ਸੂੰਅ...' ਦੀ ਤੇਜ਼ ਆਵਾਜ਼ ਨਾਲ ਬਾਸ਼ਾ, ਜੀਤੂ ਤੇ ਗੁਰਦੇਵ ਤ੍ਰਭੱਕ ਕੇ ਇਕ ਦੂਸਰੇ ਵੱਲ ਝਾਕੇ।

—ਫੇਰ ਪੈਂਚਰ ਹੋ ਗਿਆ ਲਗਦੈ।' ਜੀਤੂ ਐਂ ਬੋਲਿਆ ਜਿਵੇਂ ਕੋਈ ਮੁਰਦਾ ਬੋਲਿਆ ਹੋਵੇ। ਬਾਹਰ ਮੀਂਹ, ਹਨੇਰੀ ਝੱਖੜ, ਸੁੰਨੀ ਰਾਤ, ਜੀ. ਟੀ. ਰੋਡ ਦਾ ਬਿਗਾਨਾ ਇਲਾਕਾ। ਕੀਮਤੀ ਸਮਾਨ ਦਾ ਲੋਡ ਟਰੱਕ...।' ਬਾਸ਼ਾ ਸਿਰ ਤੋਂ ਲੈ ਕੇ ਐਕਸੀਲੇਟਰ ਉਪਰ ਰੱਖੇ ਪੈਰ ਤੱਕ ਕੰਬ ਗਿਆ। ਫਿਰ 'ਵੇਖੀ ਜਾਊ' ਦੇ ਸਿਰੜ ਨਾਲ ਗੱਡੀ ਖਿੱਚ ਧ੍ਰੂ ਕੇ ਇਕ ਛੋਟੇ ਜਿਹੇ ਹੋਟਲ ਦੇ ਸਾਹਮਣੇ ਤੱਕ ਲੈ ਆਇਆ।

ਪੈਂਚਰ ਟਾਇਰ ਦੇ ਨਾਲ ਵਾਲਾ ਟਾਇਰ ਵੀ ਫਟ ਸਕਦਾ ਸੀ। ਰਾਤ ਭਰ ਕਿਸੇ ਲੁਟੇਰਿਆਂ ਜਾਂ ਹੋਰ ਮੁਸੀਬਤ ਦੇ ਮੂੰਹ ਵਿਚ ਆ ਸਕਦੇ ਸਨ। ਪਰ ਕੁਦਰਤ ਦੀ ਮੇਹਰ ਰਹੀ। ਬਾਸ਼ੇ ਨੇ ਗੱਡੀ ਸੜਕ ਤੋਂ ਹੇਠਾਂ ਉਤਾਰ ਕੇ ਬੰਦ ਕਰ ਦਿੱਤੀ।

—ਫੁਰਤੀਆਂ ਵਖਾ ਦਿਓ, ਮੱਖਣੋਂ। ਕੱਲ੍ਹ ਨੂੰ ਮਾਲ ਲਾਹੁਣੈਂ ਆਪਾਂ। ਗੁਰਦੇਵ ਨਾਲ ਲੱਗੀਂ ਜੀਤੂ ਦੇ...।' ਆਖ ਕੇ, ਬਾਸ਼ਾ ਵਰ੍ਹਦੇ ਮੀਂਹ ਵਿਚ ਭੱਜ ਕੇ ਹੋਟਲ ਵਿਚ ਜਾ ਵੜਿਆ।

ਜੀਤੂ ਕੁਝ ਪਲ ਹੋਟਲ ਵਿਚ ਜਾ ਪਹੁੰਚੇ ਬਾਸ਼ੇ ਵੱਲ ਤਾੜਦਾ ਰਿਹਾ, ਫਿਰ ਹਾਉਕਾ ਲੈ ਕੇ ਬੋਲਿਆ—'ਉਤਰ ਭਰਾਵਾ-ਥੱਲੇ...।'

ਵਰ੍ਹਦੇ ਮੀਂਹ ਵਿਚ ਦੋਵੇਂ ਹੇਠਾਂ ਉੱਤਰ ਆਏ। ਜੀਤੂ ਜੈਕ ਲਾਉਣ ਲੱਗਾ ਉਸਨੇ ਗੁਰਦੇਵ ਨੂੰ ਕਿਧਰੋਂ ਪੱਥਰ ਲੱਭਣ ਲਈ ਕਿਹਾ। ਗੱਡੀ ਨੂੰ ਓਟਾਂ ਲਾਉਣੀਆਂ ਸਨ।

Academy of the Punjab in North America: http://www.apnaorg.com

ਪੈਂਦੇ ਮੀਂਹ ਵਿਚ ਹੀ ਗੁਰਦੇਵ ਨੇ ਇੱਟਾਂ ਭਾਲ ਲਈਆਂ ਤੇ ਟਾਇਰਾਂ ਨੂੰ ਓਟਾਂ ਲਾ ਦਿੱਤੀਆਂ। ਜੈੱਕ ਚੁੱਕਿਆ ਗਿਆ ਸੀ।

ਦੋਵੇਂ, ਚੱਕੇ ਦੇ ਨਟ ਢਿੱਲੇ ਕਰਨ ਲੱਗੇ। ਕਈ ਵਾਰ ਰਾਡ ਤਿਲਕ ਕੇ ਜੀਤੂ ਦੇ ਗਿੱਟੇ ਜਾਂ ਗੋਡੇ ਤੇ ਆ ਲਗਦੀ ਤਾਂ ਉਸਦੀ ਲੇਰ ਨਿਕਲਣ ਲਗਦੀ ਪਰ ਏਥੇ ਕਿਹੜੀ ਮਾਂ ਬੈਠੀ ਸੀ, ਜਿਸ ਨੂੰ ਸੁਣਾਉਂਦਾ...।

ਉਹਨਾਂ ਪੈਂਚਰ ਹੋਇਆ ਟਾਇਰ ਲਾਹਿਆ। ਸਟਿੱਪਣੀ ਫਿੱਟ ਕੀਤੀ। ਪੈਂਚਰ ਟਾਇਰ, ਸਕੰਜੇ ਵਿਚ ਕੱਸਿਆ, ਤੇ ਫਿਰ ਜੈੱਕ ਉਤਾਰ ਕੇ ਸੀਟ ਦੇ ਹੇਠਾਂ ਰੱਖ ਦਿੱਤਾ।

ਹੁਣ ਮੀਂਹ ਵੀ ਕੁਝ ਘਟ ਗਿਆ। ਬਾਸ਼ੇ ਨੇ ਹੋਟਲ ਵਿਚ ਖੜ੍ਹੇ ਨੇ ਹੀ ਵੇਖਿਆ, ਜੀਤੂ ਤੇ ਗੁਰਦੇਵ, ਸੜਕ ਲਾਗੇ ਨੀਵੇਂ ਥਾਂ ਵਿਚ ਜਮ੍ਹਾਂ ਹੋਏ ਮੀਂਹ ਦੇ ਪਾਣੀ ਨਾਲ ਹੱਥ ਧੋ ਰਹੇ ਸਨ।

—ਚੱਲੀਏ।'...ਬਾਸ਼ੇ ਨੇ ਅੰਦਰੋਂ ਹੀ ਲਲਕਰਾ ਮਾਰਿਆ।

—ਮੀਂਹ ਵਿਚ ਟਾਇਰ ਬਦਲਿਐ, ਭੋਰਾ ਚਾਹ ਵੀ ਨੀ ਪੀਣ ਦਿੰਦਾ...' ਸੋਚਕੇ ਬਾਸ਼ੇ ਦਾ 'ਚੱਲੀਏ' ਜੀਤੂ ਨੂੰ ਛਿਲੀਆਂ ਉਂਗਲਾਂ ਤੇ ਲੂਣ ਵਾਂਗ ਲੱਗਿਆ।

ਜੀਤੂ ਨੇ ਸਿਰ ਉਪਰਲਾ ਗਿਲਾ ਸਾਫਾ ਲਾਹ ਕੇ ਨਚੋੜਿਆ, ਫਿਰ ਹੱਥ ਮੂੰਹ ਪੂੰਝੇ। ਉਸੇ ਸਾਫੇ ਨਾਲ ਗੁਰਦੇਵ ਨੇ ਵੀ ਮੂੰਹ ਪੂੰਝਿਆ ਤੇ—'ਚੱਲ' ਕਹਿਕੇ ਦੋਵੇਂ ਸਿਰੜ ਨਾਲ ਗੱਡੀ ਦੇ ਕੈਬਿਨ ਵਿਚ ਬੈਠ ਗਏ।

ਬਾਸ਼ਾ ਹੋਟਲ (ਢਾਬਾ) ਵਿਚੋਂ ਬਾਹਰ ਨਿਕਲ ਕੇ ਉਤਾਂਹ ਅਸਮਾਨ ਵਲ ਝਾਕਿਆ। ਬੱਦਲਾਂ ਦੇ ਕਾਲੇ ਪਹਾੜ ਸਿਰ ਉਪਰ ਨੂੰ ਡਿੱਗਦੇ ਲੱਗੇ।

ਜਦੋਂ ਢਾਬੇ ਦੇ ਬਿਹਾਰੀ ਮਾਲਕ ਨੂੰ ਯਕੀਨ ਹੋ ਗਿਆ, ਕਿ ਹੁਣ ਇਹ ਰੁੱਕਣ ਨਹੀਂ ਲੱਗੇ ਤਾਂ ਉਹ ਬਾਸ਼ੇ ਕੋਲ ਆਕੇ ਭੇਦ-ਭਰਿਆ ਜਿਹਾ ਬੋਲਿਆ :

—ਹੁਣੇ ਜਾਏਂਗੇ...?'

—ਕਿਉਂ ?' ਕਿਸੇ ਸ਼ੱਕ ਨਾਲ ਬਾਸ਼ੇ ਦੇ ਮੱਥੇ ਵਿਚ ਤਿਊੜੀਆਂ ਬਣ ਗਈਆਂ।

ਕਈ ਵਾਰ ਹੋਟਲ ਮਾਲਕ ਵਰਗਲਾ ਕੇ ਡਰਾਈਵਰਾਂ ਨੂੰ ਰੋਕੀ ਰੱਖਦੇ ਹਨ, ਤੇ ਉਧਰ ਲੁਟੇਰਿਆਂ ਨੂੰ ਸੂਹ ਦੇ ਦਿੰਦੇ ਹਨ।

Academy of the Punjab in North America: http://www.apnaorg.com

—ਅਜੀ ਗੱਲ ਤੋ ਕੋਈ ਖਾਸ ਨੀ, ਸਰਦਾਰ ਬਾਬੂ—, ਮਾਲ ਚਾਹੀਏ ਤੋ......।' ਬਿਹਾਰੀ ਰੁੱਕ ਰੁੱਕ ਕੇ ਝਕਦਾ ਬੋਲਿਆ...'ਨਯਾ ਹੀ ਲੜਕੀ ਹੈ ਸਭ......।'

ਬਾਸ਼ਾ ਇਹਨਾਂ ਗੱਲਾਂ ਦਾ ਭੇਤੀ ਸੀ। ਜੀ. ਟੀ. ਰੋਡ ਦੇ ਅੱਡਿਆਂ ਦਾ ਤੇ ਕਲਕੱਤੇ ਵਿਚਲੀਆਂ 'ਲਾਲ-ਬੱਤੀ ਇਲਾਕਾ' ਥਾਵਾਂ ਦਾ ਉਸ ਨੂੰ ਇਲਮ ਸੀ। ਪਰ ਇਥੇ ਇਕ ਟੁੱਟੇ ਜਿਹੇ ਬਿਹਾਰੀ ਢਾਬੇ ਤੇ—'ਨਈ ਲੜਕੀਆਂ' ਕਿਥੋਂ...?

ਬਾਸ਼ੇ ਦੀ ਜਕੋ-ਤੱਕੀ ਵੇਖ ਕੇ ਬਿਹਾਰੀ ਬੋਲਿਆ...'ਔਹ ਸਾਹਮਣੇ ਗਾਛ (ਦਰੱਖਤ) ਕੇ ਨੀਚੇ ਝੌਂਪੜਾ ਹੈ ਨਾ......? ਉਸੀ ਮੇਂ। ਏਈ ਪਾਸ ਵਾਲਾ ਬਸਤੀ ਸੇ ਆਤਾ ਹੈ। ਗਰੀਬ ਹੈ ਬੇਚਾਰਾ। ਅੱਛੀ ਲੜਕੀ ਹੈ ਸਭ...ਬੀਮਾਰੀ...ਵਾਰੀ .. ਕੁਛ ਨਹੀਂ ਹੈ.....।'

ਬਾਹਰ ਮੌਸਮ ਵੀ ਰੰਗੀਨ ਸੀ। ਮੀਂਹ ਹੁਣ ਬਿਲਕੁਲ ਬੰਦ ਸੀ। ਬਾਸ਼ਾ ਬਿਹਾਰੀ ਦੀਆਂ ਗੱਲਾਂ ਸੁਣ ਕੇ ਲਾਚੜ ਗਿਆ।

—ਉਏ ਜੀਤੂ, ਪ੍ਰੀਤੋ ਨੂੰ ਮਿਲਣੈ...?' ਉਸਨੇ ਗੱਡੀ ਵਿਚ ਬੈਠੇ ਜੀਤੂ ਨੂੰ ਆਵਾਜ਼ ਮਾਰੀ।......'ਪ੍ਰੀਤੋ' ਡਰਾਈਵਰਾਂ...ਕਲੀਨਰਾਂ ਦੀ ਭਾਵੀ ਪਤਨੀ ਦਾ ਨਾ ਹੁੰਦਾ ਹੈ।

—ਤੂੰ ਈ ਮਿਲਿਆ, ਉਸਤਾਦ। ਹੁਣ ਕੱਲ੍ਹ ਨੂੰ ਮਾਲ ਨੀ ਲੈਣਾ ਜਾਕੇ ?' ਜੀਤੂ ਨੂੰ ਅਜੇ ਵੀ ਹਰਖ਼ ਸੀ। ਉਹਨਾਂ ਨੇ ਵਰ੍ਹਦੇ ਮੀਂਹ ਵਿਚ ਟਾਇਰ ਬਦਲਿਆ ਸੀ, ਤੇ ਇਹ, ਏਥੇ ਖੜ੍ਹਾ, ਚਖ਼ਮਖੀਆਂ ਕਰੀ ਜਾਂਦੈ ਹੁਣ...। ਉਂਜ ਵੀ ਉਸਤਾਦ ਸਾਹਮਣੇ ਉਹ ਇਹੋ ਜੇਹੀ ਹਰਕਤ ਨਹੀਂ ਸੀ ਕਰਨੀ ਚਾਹੁੰਦਾ। ਉਸ ਨੂੰ ਯਾਦ ਆਇਆ, ਇਕ ਵਾਰੀ ਟਰੱਕ ਵਿਚ ਬੈਠਿਆਂ, ਉਸਨੇ ਤੁਰੀ ਜਾਂਦੀ ਇਕ ਕੁੜੀ ਨੂੰ ਛੇੜਿਆ ਤਾਂ ਬਾਸ਼ੇ ਨੇ ਬਹੁਤ ਗੁੱਸਾ ਕੀਤਾ ਸੀ...

—ਸਾਲਿਆ ਉਸਤਾਦ ਬੈਠੇ ਦਾ ਵੀ ਕੋਈ ਲਿਹਾਜ ਨੀ ਤੈਨੂੰ ? ਨਾਲੇ ਗੱਡੀ ਤਾਂ ਵਿਸ਼ਕਰਮਾ ਹੁੰਦੀ ਐ। ਪੂਜਾ ਕਰੀਦੀ ਐ ਇਹਦੀ। ਇਹਦੇ 'ਚ ਬੈਠ ਕੇ ਐਹੋ ਜੇ ਪੁੱਠੇ-ਸਿੱਧੇ ਕੰਮ ਕਰੇਂਗਾ ਤਾਂ ਸਿੱਖ ਲੇਂਗਾ-ਗਡੌੜ ?'

ਬਿਹਾਰੀਆ ਮਾਲਕ ਬਾਸ਼ੇ ਦੀ ਦੁਚਿੱਤੀ ਤਾੜਦਾ ਰਿਹਾ, ਫਿਰ ਬੋਲਿਆ।

—'ਚਲਨਾ ਹੈ ਸਰਦਾਰ...?'

—ਕੋਈ ਬੀਮਾਰੀ ਤਾਂ ਨੀ.. ਕੰਜਰਾ ?' ਬਾਸ਼ੇ ਨੂੰ ਇਹੋ ਜੇਹੀਆਂ ਲੜਕੀਆਂ

Academy of the Punjab in North America: http://www.apnaorg.com

ਤੋਂ ਬੜਾ ਡਰ ਲਗਦਾ ਸੀ। ਪਿਛਲੇ ਸਾਲ ਪੂਰੇ ਬਾਰਾਂ ਟੀਕੇ ਲੱਗੇ ਸਨ ਤੇ ਡਾਕਟਰਾਂ ਤੋਂ ਬੜਾ ਡਰ ਲਗਦਾ ਸੀ। ਉਸ ਨੂੰ ਬੜੀ ਸ਼ਰਮ ਆਉਂਦੀ ਸੀ। ਹਰ ਵਾਰ ਨੀਕਰ ਲੁਹਾਕੇ ਵੇਖਦਾ ਹੁੰਦਾ ਸੀ।

—ਨਾ ਨਾ ਸਰਦਾਰ ਬਾਬੂ...ਚੱਲੋ ਨਾ...ਦੇਖਨੇ ਮੇਂ ਤੋ ਕੋਈ ਹਰਜ ਨੀ।' ਬਿਹਾਰੀਆ ਉਸ ਨੂੰ ਝੌਂਪੜੀ ਵੱਲ ਲੈ ਗਿਆ ਤੇ ਟਾਟ ਦਾ ਪਰਦਾ ਹਟਾ ਕੇ ਝੌਂਪੜੀ ਅੰਦਰ ਝਾਕਿਆ। ਖੀਸੇ ਵਿਚੋਂ ਦੀਆ ਸਲਾਈ ਕੱਢ ਕੇ ਤੀਲੀ ਬਾਲ ਲਈ, ਹਨੇਰਾ ਪਾੜ ਵਿਚ ਫੜੇ ਗਏ ਚੋਰ ਵਾਂਗ ਤਰਿਹਕੇ ਨੁੱਕਰੀਂ ਸਿਮਟ ਗਿਆ। ਇਕ ਚਿਟਾਈ ਉਪਰ ਦੋ ਬਿਰਧ ਤੀਵੀਆਂ ਤੇ ਤਿੰਨ ਲੜਕੀਆਂ ਗੁਛੀ ਮੁੱਛੀ ਹੋਈਆਂ ਪਈਆਂ ਸਨ।

—ਏ ! ਉਠੋ।' ਬਿਹਾਰੀਏ ਦੀ ਰੁੱਖੀ ਆਵਾਜ਼ ਨਾਲ ਉਹ ਤ੍ਰਭਕ ਕੇ ਉਠੀਆਂ, ਬਿਰਧ ਤੀਵੀਆਂ ਕਾਹਲੀ ਨਾਲ ਅੱਧੇ ਘੁੰਡ ਕੱਢਕੇ ਬਾਹਰ ਨਿਕਲ ਗਈਆਂ।

—ਠਹਿਰ ਮੈਂ ਉਹਨਾਂ ਨੂੰ ਵੀ ਲੈ ਆਵਾਂ।' ਆਖਕੇ ਬਾਸ਼ਾ ਬਾਹਰ ਨਿਕ-ਲਿਆ ਤੇ ਫਿਰ ਜੀਤੂ ਤੇ ਗੁਰਦੇਵ ਨੂੰ ਧੱਕੇ ਨਾਲ ਘੜੀਸ ਲਿਆਇਆ।

—ਪਿੰਡਾਂ 'ਚ ਤਾਂ ਕੋਈ ਝਾਕਣ ਨੀ ਦਿੰਦਾ...ਤੂੰ ਦੇਖ ਤਾਂ ਸਹੀ...।' ਤੁਰਿਆ ਆਉਂਦਾ ਉਹ ਗੁਰਦੇਵ ਨੂੰ ਸਮਝਾ ਰਿਹਾ ਸੀ।

ਉਹ ਫਿਰ ਝੌਂਪੜੀ 'ਚ ਆ ਗਏ। ਬਿਹਾਰੀਏ ਨੇ ਫਿਰ ਤੀਲੀ ਜਲਾਈ।

ਤਿੰਨਾਂ ਲੜਕੀਆਂ ਦੇ ਚਿਹਰਿਆਂ ਉਪਰ ਮਲਿਆ ਸਸਤਾ ਪਾਊਡਰ ਮੀਂਹ ਵਿਚ ਭਿੱਜ ਜਾਣ ਕਾਰਨ ਧੱਬਿਆਂ ਵਾਂਗ ਲੱਗਿਆ। ਬੁਲ੍ਹਾਂ ਦੀ ਸੁਰਖੀ ਆਸ ਪਾਸ ਖਿੱਲਰ ਗਈ ਸੀ। ਤਿੰਨਾਂ ਕੁੜੀਆਂ ਨੇ ਜਬਰੀ ਹੱਸਣ ਦਾ ਯਤਨ ਕੀਤਾ। ਤੀਲੀ ਫਿਰ ਬੁੱਝ ਗਈ।

ਬਾਸ਼ੇ ਦੇ ਚਿੱਤ ਵਿਚ ਫਿਰ ਸ਼ੰਕਾ ਉਭਰੀ, ਇਧਰ ਸਾਨੂੰ ਲਾਲਚ ਵਿਚ ਫਸਾ ਕੇ, ਉਧਰ ਟਰੱਕ ਦਾ ਮਾਲ ਹੀ ਨਾ ਲੁੱਟ ਲੈਣ। ਕੋਈ ਗੱਡੀ ਭਜਾ ਕੇ ਹੀ ਨਾ ਲੈ ਜਾਵੇ। 'ਚਲ ਟੋਹ ਕੇ ਤਾਂ ਵੇਖ ਲੈਨੇ ਐਂ...' ਸੋਚ ਕੇ ਉਸ ਨੇ ਇਕ ਲੜਕੀ ਨੂੰ ਫੜਨਾ ਚਾਹਿਆ, ਉਹ ਛਾਲ ਮਾਰ ਕੇ ਪਿੱਛੇ ਹੋ ਗਈ।

—ਇਹ ਤਾਂ ਅਲਕ ਵਛੇਰੀ ਆਂਗੂ ਟੱਪਦੀ ਐ ਉਏ ਗੁਰਦੇਵ ?' ਬਾਸ਼ਾ ਹੱਸਿਆ।

Academy of the Punjab in North America: http://www.apnaorg.com

—ਪਹਿਲੇ ਪਸੰਦ ਕਰ ਲੋ, ਪੈਸਾ ਤੈਹ ਕਰ ਲੋ, ਫਿਰ ਜੋ ਮਰਜ਼ੀ ਕਰਨਾ ਸਰਦਾਰ ਬਾਬੂ।' ਬਿਹਾਰੀਆ ਮਾਲਕ ਨੇ ਧੰਦੇ ਦਾ ਕਾਨੂੰਨ ਸਮਝਾਇਆ। ਤੇ ਉਸ ਨੇ ਇਕ ਤੀਲੀ ਹੋਰ ਬਾਲ ਲਈ।

ਇਕ ਲੜਕੀ ਨੇ ਅੰਗੜਾਈ ਲੈ ਕੇ ਆਪਣੇ ਉਭਾਰ ਦਿਖਾਏ। ਦੂਸਰੀ ਨੇ ਇਕ ਅਦਾ ਨਾਲ ਛਾਤੀ ਤੋਂ ਪੱਲ ਸਰਕਾਇਆ।

ਬਾਸ਼ੇ ਨੂੰ ਫਿਰ ਸੁੰਨੀ ਗੱਡੀ ਦਾ ਖਿਆਲ ਆਇਆ। ਕੀਮਤੀ ਮਾਲ ਲੋਡ ਸੀ। ਜੇ ਸਾਰੀ ਉਮਰ ਵੀ ਨੌਕਰੀ ਕਰਦਾ ਰਿਹਾ, ਮਾਲ ਦੇ ਪੈਸੇ ਪੂਰੇ ਨੀ ਹੋਣੇ।... 'ਕਦੇ ਫੇਰ ਸਹੀ...' ਸੋਚ ਕੇ ਉਹ ਝੌਂਪੜੀ ਤੋਂ ਬਾਹਰ ਆ ਗਿਆ। ਜੀਤੂ ਤੇ ਗੁਰਦੇਵ ਤਾਂ ਪਹਿਲਾਂ ਹੀ ਸੰਗਦੇ, ਇਕ ਪਾਸੇ ਜਿਹੇ ਖੜ੍ਹੇ ਸਨ।

ਹਨੇਰੇ ਵਿਚ ਲੜਕੀਆਂ ਦੇ ਚਿਹਰਿਆਂ ਤੇ ਆਈ ਉਦਾਸੀ ਦਾ ਕਿਸੇ ਨੂੰ ਵੀ ਪਤਾ ਨਹੀ ਲੱਗਿਆ।

—ਚੱਲ ਪੁੱਤਰਾ, ਕੱਲ੍ਹ ਨੂੰ ਗੱਡੀ ਖਾਲੀ ਕਰਨੀ ਐਂ ਆਪਾਂ। ਮਾਲਕ ਖੜੀ ਲੱਤ ਈਂ ਫਿਰਦਾ ਹੋਊ ਟਰਾਂਸਪੋਰਟ ਤੇ...।' ਆਖ ਕੇ ਬਾਸ਼ਾ, ਸਟੇਰਿਗ ਵੱਲ ਆ ਬੈਠਾ ਤੇ ਗੱਡੀ ਸਟਾਰਟ ਕਰਕੇ, ਝੌਂਪੜੀ ਕੋਲੋਂ ਦੀ ਘਰਰ ਘਰਰ ਕਰਕੇ ਲੰਘ ਗਿਆ।

ਬਿਹਾਰੀਆ, ਟਰੱਕ ਦੀਆਂ ਪਿਛਲੀਆਂ ਲਾਲ ਬੱਤੀਆਂ ਹੀ ਵੇਖਦਾ ਰਹਿ ਗਿਆ।

Academy of the Punjab in North America: http://www.apnaorg.com

—ਚੰਗਾ ਪੁੱਤ ਤੂੰ ਖ਼ਿਆਲ ਰੱਖੀਂ ਏਹਦਾ।' ਗੁਰਦੇਵ ਦੀ ਮਾਂ ਨੇ ਬਾਸ਼ੇ ਨੂੰ ਕਿਹਾ।

—ਤੂੰ ਫ਼ਿਕਰ ਨਾ ਕਰ ਚਾਚੀ। ਮੇਰੇ ਛੋਟੇ ਭਰਾ ਆਂਗ ਰਹੂਗਾ ਮੇਰੇ ਨਾਲ।'

—ਸ਼ਾਵਾ ਸ਼ੇ ਸ਼ੇਰਾ ਸ਼ਾਵਾ ਸ਼ੇ ਤੇਰੇ।' ਗੁਰਦੇਵ ਦੇ ਪਿਉ ਨੇ ਕਿਹਾ।

ਸਾਰੇ ਬਾਹਰ ਆ ਗਏ। ਬਾਸ਼ਾ ਸਟੇਰਿੰਗ ਤੇ ਬੈਠਿਆ।

—ਤੇਲ ਪਾਣੀ ਚੈਕ ਕਰ ਲਿਆ ਬਈ? ਉਸ ਨੇ ਜੀਤੂ ਨੂੰ ਪੁੱਛਿਆ।

—ਸਭ ਠੀਕ ਐ ਉਸਤਾਦ।' ਹੈਲਪਰ ਬੋਲਿਆ। ਗੁਰਦੇਵ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ, ਦੂਸਰੇ ਪਾਸੇ ਦੀ ਟਰੱਕ 'ਚ ਬੈਠ ਗਿਆ।

ਬਾਸ਼ੇ ਨੇ ਸੈਲਫ਼ ਮਾਰੀ। ਬਰੇਕਾਂ ਅਤੇ ਸਟੇਰਿੰਗ ਨੂੰ ਛੂਹ ਕੇ ਮੱਥਾ ਟੇਕਿਆ। ਆਪਣੇ ਗੁਰੂਆਂ ਨੂੰ ਧਿਆਇਆ ਤੇ ਗੀਅਰ ਲਾਕੇ ਤੁਰ ਪਏ।

ਉਡਦੀ ਧੂੜ ਵਿਚ ਖੜੇ ਘਰ ਦੇ ਬਾਕੀ ਜੀਅ ਭਰੀਆਂ ਅੱਖਾਂ ਨਾਲ ਜਾਂਦੇ ਟਰੱਕ ਵਲ ਵੇਖਦੇ ਰਹੇ।

—ਮੁੰਡਾ ਫਿਰ ਨਾਲ ਘੱਲ ਤਾ ਜੱਗਰ ਸਿਹਾਂ...?' ਪਿੰਡ ਦੇ ਇਕ ਬੰਦੇ ਨੇ ਪੁੱਛਿਆ।

—ਹੋਰ ਕੀ ਕਰਦੇ ਤਾਰਾ ਸਿਹਾਂ। ਇਥੇ ਕੋਈ ਕੰਮ ਧੰਦਾ ਤਾਂ ਹੈ ਨੀ ਸੀ। ਨੌਕਰੀ ਮਿਲਦੀ ਨੀ। ਚਲੋ ਜੇ ਡਰੈਵਰ ਬਣ ਗਿਆ ਤਾਂ ਪੁੱਠੀਆਂ ਵੈਹਬਤਾਂ 'ਚ ਤਾਂ ਨਾ ਪਊ।'

—ਚੰਗਾ ਕੀਤਾ।' ਆਖਕੇ ਤਾਰਾ ਸਿੰਘ ਆਪਣੇ ਰਾਹ ਪੈ ਗਿਆ।

ਟਰੱਕ ਲਿੰਕ ਰੋਡ ਤੋਂ ਜੀ. ਟੀ. ਰੋਡ ਤੇ ਆ ਗਿਆ। ਬਾਸ਼ੇ ਨੇ ਟੇਪ ਰੀਕਾਰਡਰ ਵਿਚ ਕੈਸਟ ਫਸਾ ਦਿਤੀ।

ਸਾਡੇ ਮਿੱਤਰਾਂ ਦਾ ਚੱਲਿਆ ਟਰੱਕ ਨੀ...

ਮੈਂ ਡਰਦੀ ਨਾ ਬਹਿੰਦੀ...ਮੈਨੂੰ ਪਊਗਾ ਮਹਿੰਗਾ...

ਗਾਣਾ ਵੱਜਣ ਲੱਗਿਆ। ਬਾਸ਼ਾ ਸਟੇਰਿੰਗ ਤੇ ਤਾਲ ਦੇਣ ਲੱਗਾ।

—ਆਪਾਂ ਟਰੱਕ ਯੂਨੀਅਨ ਵਿਚ ਹੋ ਚੱਲੀਏ, ਓਥੇ ਆਪਣਾ ਯਾਰ ਐ ਇਕ, ਜੇ ਹੋਇਆ ਤਾਂ ਮਿਲ ਚੱਲਾਂਗੇ। ਫੇਰ ਤਾਂ ਪਤਾ ਨੀ ਕਦੋਂ ਗੇੜਾ ਲੱਗੇ।' ਤੇ ਉਸ ਨੇ ਟਰੱਕ ਸ਼ਹਿਰ ਵਲ ਮੋੜ ਲਿਆ।

Academy of the Punjab in North America: http://www.apnaorg.com

ਗੁਰਦੇਵ ਘੁੱਟਿਆ ਘੁੱਟਿਆ ਜਿਹਾ ਬੈਠਾ ਸੀ ।

—ਐਂ ਬੈਠਾਂ ਜਿਵੇਂ ਕੁੜੀ ਦੱਬ ਕੇ ਆਇਆ ਹੁੰਨੈ ?' ਬਾਸ਼ੇ ਨੇ ਉਸ ਦੇ ਪੱਟ ਤੇ ਹੱਥ ਮਾਰ ਕੇ ਪੁੱਛਿਆ ।

—ਨਹੀਂ ! ਨਹੀਂ !!' ਗੁਰਦੇਵ ਨਕਲੀ ਜਿਹਾ ਹੱਸਿਆ, ਪਰ ਅੰਦਰੋਂ ਉਹ ਸੱਚ ਮੁੱਚ ਹੀ ਉਦਾਸ ਸੀ ।

ਏਨੇ ਨੂੰ ਉਹ ਟਰੱਕ ਯੂਨੀਅਨ ਕੋਲ ਪਹੁੰਚ ਗਏ । ਹਰ ਪਾਸੇ ਟਰੱਕਾਂ ਦੀ ਭੀੜ । ਡਰਾਈਵਰਾਂ ਦੀਆਂ ਢਾਣੀਆਂ ਵੇਖ ਕੇ ਗੁਰਦੇਵ ਹੈਰਾਨ ਹੋਇਆ ।

ਬਾਸ਼ੇ ਨੇ ਇਕ ਪਾਸੇ ਟਰੱਕ ਰੋਕਿਆ । ਤੇ ਜੀਤੂ ਨੂੰ ਖ਼ਿਆਲ ਰੱਖਣ ਲਈ ਕਹਿਕੇ ਗੁਰਦੇਵ ਨੂੰ ਨਾਲ ਲੈਕੇ ਯੂਨੀਅਨ ਦੇ ਦਫਤਰ ਵਲ ਤੁਰ ਪਿਆ ।

—0—

Academy of the Punjab in North America: http://www.apnaorg.com

## (ਸੱਤ)

ਕਲਕੱਤੇ ਦੀ ਇਕ ਟਰਾਂਸਪੋਰਟ ਦੇ ਬਾਹਰ, ਬਾਸ਼ੇ ਦਾ ਮਾਲਕ ਚੰਦਾ ਸਿੰਘ ਅੱਕਿਆ ਤੇ ਖਿੱਝਿਆ ਬੈਠਾ ਸੀ। ਤਿੰਨ ਚਾਰ ਵਾਰ ਪਹਿਲਾਂ ਉਹ ਟਰਾਂਸਪੋਰਟ ਦੇ ਮੈਨੇਜਰ ਨੂੰ ਪੁੱਛ ਆਇਆ ਸੀ...'ਬਾਸ਼ੇ ਦਾ ਕੋਈ ਟੈਲੀਫੂਨ ਆਇਆ ਹੋਵੇ ? ਕੋਈ ਸੁਨੇਹਾ ਆਇਆ ਹੋਵੇ ?' ਮੈਨੇਜਰ, ਹਰ ਵਾਰ ਸਿਰ ਫੇਰ ਦਿੰਦਾ।

ਬਾਹਰ ਬੈਠੇ ਇਕ ਹੋਰ ਟਰੱਕ ਮਾਲਕ ਨੂੰ, ਉਹ ਦੁੱਖੀ ਹੋ ਕੇ ਆਂਹਦਾ—'ਕੀ ਕਰ ਲੂ ਕਮਾਈਆਂ ਕੋਈ। ਅੱਠ ਦਿਨ ਹੋਗੇ ਗਏ ਨੂੰ, ਚੌਥੇ ਦਿਨ ਗੱਡੀ ਵਾਪਸ ਆ ਜਾਂਦੀ ਐ। ਟਾਇਮ ਮਾੜੇ ਨੀ, ਗੱਡੀ ਮਾੜੀ ਨੀ। ਜਾਣ ਤੋਂ ਪਹਿਲਾਂ ਗਰਾਜ ਵਿਚ ਸਾਰਾ ਕੰਮ ਕਰਾਇਆ। ਚੱਲ ਜੇ ਗਡੀ ਖਰਾਬ ਵੀ ਹੋਵੇ ਤਾਂ ਕੰਜਰਾ ਕਿਸੇ ਹੱਥ ਸੁਨੇਹਾ ਹੀ ਭੇਜ ਦੇ। ਸਾਡਾ ਐਥੇ ਬੈਠਿਆਂ ਦਾ ਤਾਂ ਲਹੂ ਨਾ ਸੁੱਕੇ।'

—ਇਹ ਘੋੜੇ ਆਲਾ ਸਾਰੇ ਥਾਂਈਂ ਫਿਰਿਆ ਹੋਇਐ। ਡਰੈਵਰਾਂ ਦਾ ਤਾਂ ਹੁਣ ਕੋਈ ਦੀਨ ਇਮਾਨ ਈ ਹੈਨੀਂ।...ਮਾਲਕ ਉਹ ਨੇ, ਨੌਕਰ ਅਸੀਂ ਆਂ, ਉਡੀਕੀ ਜਾਉ ਬੈਠੇ,...' ਦੂਸਰੇ ਨੇ ਕਿਹਾ।

—ਐਂ ਫਿਰ ਕਿਥੋਂ ਲਹਿ ਜਾਣਗੀਆਂ ਕਿਸ਼ਤਾਂ। ਟੈਕਸ ਕਿਵੇਂ ਤਾਰ ਲਾਂਗੇ। ਟਾਇਰ ਕਿੱਥੋਂ ਲਾ ਲਵਾਂਗੇ ?' ਉਹ ਸਿਰ ਮਾਰਕੇ ਝੂਰਨ ਲੱਗਾ ਤੇ ਉਠ ਕੇ ਬੇਚੈਨੀ ਜਿਹੀ ਵਿਚ ਇਧਰ ਉਧਰ ਘੁੰਮਣ ਲੱਗਾ।

—ਕਿਵੇਂ ਸੋਚਾਂ ਵਿਚ ਪਿਆ ਫਿਰਦੈਂ ?' ਇਕ ਹੋਰ ਨੇ ਕੋਲ ਖੜ੍ਹਦਿਆਂ ਪੁੱਛਿਆ।

—ਸੋਚਾਂ ਵਿਚ ਈ ਪੈਣੈਂ। ਅੱਠ ਦਿਨ ਹੋ ਗੇ ਗਡੀ ਗਈ ਨੂੰ..., ਪਤਾ ਨੀ ਪਿੰਡ ਤੁਰ ਗਿਆ, ਪਤਾ ਨੀ ਖਰਾਬ ਹੋਈ ਖੜ੍ਹੀ ਐ ਕਿਤੇ। ਇਹ ਗਡੀਆਂ ਵੀ ਬੀਮਾਰੀਐਂ...ਖੜ੍ਹੀਆਂ ਦੀ ਵੀ ਚਿੰਤਾ, ਚਲਦੀਆਂ ਦੀ ਵੀ ਚਿੰਤਾ।'...

ਉਦੋਂ ਹੀ ਬਾਸ਼ੇ ਨੇ ਗਡੀ ਟਰਾਂਸਪੋਰਟ ਵਲ ਮੋੜੀ।—'ਚੰਦਾ ਸਿਆਂ ਲੈ ਆ ਗਿਆ ਬਾਸ਼ਾ।' ਉਸਨੇ ਗਡੀ ਦੇ ਮਾਲਕ ਨੂੰ ਕਿਹਾ।



Academy of the Punjab in North America: http://www.apnaorg.com

ਚੰਦਾ ਸਿੰਘ ਨੇ ਤਸੱਲੀ ਨਾਲ ਭਰਵਾਂ ਸਾਹ ਲਿਆ। ਜਦੋਂ ਬਾਸ਼ਾ ਠੀਕ ਕਰਕੇ ਗੱਡੀ ਪਾਰਕ ਕਰ ਰਿਹਾ ਸੀ ਤਾਂ ਉਸਨੇ ਚਾਰ ਚੁਫੇਰਿਓਂ ਗਡੀ ਨੂੰ ਤੱਕਿਆ ਸਭ ਠੀਕ ਸੀ। ਗਡੀ ਵਿਚੋਂ ਉਤਰਦੇ ਤਿੰਨ ਜਣੇ ਵੇਖ ਕੇ ਉਹ ਹੈਰਾਨ ਜਿਹਾ ਹੋਇਆ। ਗੁਰਦੇਵ ਓਪਰਿਆਂ ਵਾਂਗ ਇਧਰ ਉਧਰ ਝਾਕਦਾ ਤਾੜ ਕੇ ਚੰਦਾ ਸਿੰਘ ਨੇ ਸੋਚਿਆ—'ਜ਼ਰੂਰ ਪਿੰਡ ਗਿਆ ਹੋਊ ਕੰਜਰ, ਬੰਦਾ ਵੀ ਨਾਲ ਲੈ ਕੇ ਆਇਆ ਲਗਦੈ।'

ਕੋਲ ਆ ਕੇ ਬਾਸ਼ੇ ਅਤੇ ਜੀਤੂ ਨੇ ਚੰਦਾ ਸਿੰਘ ਨੂੰ ਸਤਿ ਸ੍ਰੀ ਅਕਾਲ ਬੁਲਾਈ।

—ਸ਼ਾਵਾਸ਼ੇ ਥੋਡੇ ਬਈ!' ਸਤਿ ਸ੍ਰੀ ਅਕਾਲ ਦਾ ਜੁਵਾਬ ਦਿੰਦਿਆਂ ਚੰਦਾ ਸਿੰਘ ਵਿਅੰਗ ਨਾਲ ਬੋਲਿਆ—'ਪਾ ਦਿਆਂਗੇ ਪੂਰੀਆਂ ਆਪਾਂ, ਥੋਡੇ ਨਾਲ ਦੀਆਂ ਗੱਡੀਆਂ ਦੂਜੇ ਚੱਕਰ ਗਈਆਂ ਵੀ ਮੁੜਨ ਆਲੀਐਂ?'

—ਕੀ ਕਰਦੇ ਬਾਊ ਜੀ। ਗੱਡੀ ਰਾਹ ਈ ਨਾ ਦੇਵੇ ਕੋਈ। ਪੰਪ ਤਿੰਨ ਵਾਰੀਂ ਤੇਲ ਛੱਡ ਗਿਆ। ਏ ਸੀ ਪੰਪ ਵੀ ਇਕ ਹੋਰ ਗੱਡੀ ਦਾ ਲਾ ਕੇ ਵੇਖ ਲਿਆ। ਨਹੀਂ ਠੀਕ ਹੋਇਆ। ਦੋ ਰਾਤਾਂ ਤਾਂ ਇਉਂਹੀ ਖ਼ਰਾਬ ਹੋਗੀਆਂ। ਹੁਣ ਵੀ ਮਸਾਂ ਆਏ ਐਂ, ਅਜੇ ਵੀ ਫਿਸਰ ਫਿਸਰ ਕਰੀ ਜਾਂਦੀ ਐ। ਤੂੰ 'ਵਾਜ ਨੀ ਸੁਣੀ ਇੰਜਣ ਦੀ—?'

—ਪੰਪ ਨੂੰ ਕੀ ਗੋਲੀ ਵੱਜਗੀ? ਸਾਰਾ ਕੰਮ ਕਰਾਇਆ ਸੀ ਆਪਾਂ...?' ਚੰਦਾ ਸਿੰਘ ਦਾ ਗੁੱਸਾ ਕੁਝ ਢਿੱਲਾ ਹੋਇਆ।

—ਪਤਾ ਨੀ ਡੀਜ਼ਲ ਮਾੜਾ ਆਇਐ, ਪਤਾ ਨੀ ਏ.ਸੀ. ਪੰਪ 'ਚ ਨੁਕਸ ਐ। ਮੈਨੂੰ ਨੀ ਸਮਝ ਆਈ ਕੋਈ। ਕਦੇ ਨੀ ਸੀ ਐਂ ਹੋਇਆ। ਰਾਹ 'ਚ ਤਾਂ ਗਡੀ ਨੇ ਕਦੇ ਤੰਗ ਕੀਤਾ ਈ ਨੀ ਸੀ। ਏਹ ਤਾਂ ਬੜੀ ਲੱਕੀ ਗਡੀ ਐ, ਪਰ ਐਤਕੀਂ ਪਤਾ ਨੀ ਕਿਹੜਾ ਮੱਥੇ ਲੱਗਿਆ, ਤੁਰਨ ਵੇਲੇ, 10 ਮੀਲ ਨਾ ਜਾਵੇ, ਬੰਦ ਹੋ ਜੇ। ਰੋ ਕੇ ਸਫ਼ਰ ਪੂਰਾ ਕੀਤੈ।'...

ਜੀਤੂ ਤੇ ਗੁਰਦੇਵ ਹੈਰਾਨ ਹੋਏ, ਬਾਸ਼ੇ ਵੱਲ ਤੱਕ ਰਹੇ ਸਨ।

—ਆਹ ਨਾਲ ਕੌਣ ਐਂ...?' ਚੰਦਾ ਸਿੰਘ ਨੇ ਗੁਰਦੇਵ ਬਾਰੇ ਪੁੱਛਿਆ।

—ਏਹ ਦਿੱਲੀ ਬਾਡਰ ਤੇ ਸੀਗਾ, ਮੇਰੇ ਚਾਚੇ ਦਾ ਪੁੱਤ ਐ। ਕਿਸੇ ਹੋਰ ਗੱਡੀ ਨਾਲ ਆਉਂਦਾ ਸੀ, ਮੈਂ ਨਾਲ ਲੈ ਆਇਆ।' ਬਾਸ਼ਾ ਫਿਰ ਝੂਠ ਮਾਰ ਗਿਆ।

—ਗੱਡੀ ਲੋਡੂ ਨੀਂ ਕਰਨੀ ਫਿਰ...?' ਮਾਲਕ ਨੇ ਪੁੱਛਿਆ।

Academy of the Punjab in North America: http://www.apnaorg.com

—ਕਰਨੀ ਕਾਹਤੋਂ ਨੀ? ਕਰਨੀ ਐਂ, ਪਰ ਪਹਿਲਾਂ ਪੰਪ ਚੈੱਕ ਕਰਾ ਲੀਏ।'

—ਐਂ ਕਰ ਫਿਰ, ਲੋਡ ਕਰਕੇ ਗਰਾਜ 'ਚ ਲੈ ਜਾ, ਮਿਸਤਰੀ ਨੂੰ ਦਿਖਾ ਲੈਨੇ ਐਂ। ਜੇ ਉਸਨੇ ਕਿਹਾ ਤਾਂ ਪੰਪ ਖੁਲਵਾ ਲਵਾਂਗੇ। ਨਾਲੇ ਹੁਣ ਗਰਾਜ 'ਚ ਗੱਡੀ ਜਾਣ ਨੀ ਦੇਣੀ, ਲੋਡ ਹੁੰਦਿਆਂ ਹੁੰਦਿਆਂ ਨੋ ਇੰਟਰੀ ਖੁਲ੍ਹ ਜੂ।' ਚੰਦਾ ਸਿੰਘ ਚਾਹੁੰਦਾ ਸੀ ਗੱਡੀ ਲੋਡ ਹੋ ਜਾਵੇ।

—ਤੂੰ ਗਰਾਜ 'ਚ ਜਾ ਕੇ ਮਿਸਤਰੀ ਨੂੰ ਕਹਿਦੀਂ, ਗੱਡੀ ਆਊਗੀ। ਮੈਂ ਖਾਲੀ ਕਰਾ ਕੇ ਲੋਡ ਕਰਾ ਲੈਨੈਂ...।'

—ਐਡਵਾਂਸ ਕਿੰਨਾ ਲਿਆ ਸੀ ਦਿੱਲੀਓਂ...? ਚੰਦਾ ਸਿੰਘ ਨੇ ਪੁੱਛਿਆ।

—ਗਰਾਜ 'ਚ ਆ ਕੇ ਸਾਰਾ ਹਿਸਾਬ ਦੇ ਦਿੰਨਾਂ।'

ਮਾਲਕ ਚਲਿਆ ਗਿਆ।

ਬਾਸ਼ੇ ਨੇ ਉਸ ਜਾਂਦੇ ਵੱਲ ਟੇਢਾ ਜਿਹਾ ਝਾਕਦਿਆਂ, ਸਾਫ਼ੇ ਨਾਲ ਜੁੱਤੀ ਝਾੜੀ।...

—ਮੰਨਗੇ ਉਸਤਾਦ।' ਜੀਤੂ ਨੇ ਖ਼ੁਸ਼ ਹੋ ਕੇ ਬਾਸ਼ੇ ਦੇ ਗੋਡੀਂ ਹੱਥ ਲਾਇਆ।

—ਮੈਂ ਤਾਂ ਸੋਚਿਆ ਸੀ ਅੱਜ ਤੂੰ ਤੂੰ ਮੈਂ ਮੈਂ ਹੋਊਗੀ, ਪਰ ਮਾਲਕ ਤਾਂ ਮੂਤ ਦੀ ਝੱਗ ਆਂਗੂ ਬਹਿ ਗਿਆ।'

—ਗੱਡੀ ਰਾਹ ਵਿਚ ਖਰਾਬ ਤਾਂ ਹੋਈ ਨੀ...?' ਗੁਰਦੇਵ ਹੈਰਾਨ ਸੀ।

—ਓਹਦੇ ਸਾਹਮਣੇ ਨਾ ਕਹਿਦੀਂ। ਇਹ ਡਰੈਵਰਾਂ ਆਲੇ ਦਾਅ-ਪੇਚ ਵੀ ਤੈਨੂੰ ਸਿਖਾਉਣੇ ਪੈਣਗੇ।' ਬਾਸ਼ੇ ਨੇ ਉਸਦੇ ਮੋਢੇ 'ਤੇ ਹੱਥ ਮਾਰਿਆ—'ਆ ਅੰਦਰ ਚੱਲੀਏ।' ਤੇ ਉਹ ਗੁਰਦੇਵ ਨੂੰ ਟਰਾਂਸਪੋਰਟ ਦਫ਼ਤਰ ਦੇ ਅੰਦਰ ਲੈ ਗਿਆ।

ਉਸਨੇ ਮੈਨੇਜਰ ਨੂੰ ਫਤਹਿ ਬੁਲਾਈ।...'ਬਾਬੂ ਪੀਣੀ ਐਂ ਘੁੱਟ?'

—ਯੇਹ ਕੋਈ ਵਕਤ ਹੈ ਪੀਨੇ ਕਾ..?'

—ਪੀਣੇ ਕਾ ਕੋਈ ਵਕਤ ਨਹੀਂ ਹੋਤਾ।.. ਐਂ ਕਰੀਂ, ਗੱਡੀ ਖਾਲੀ ਕਰਾ ਦੇ ਛੇਤੀ। ਪਰ ਆਪਾਂ ਅੱਜ ਲੋਡ ਨੀ ਕਰਨੀ।' ਬਾਸ਼ੇ ਨੇ ਮੈਨੇਜਰ ਵਲ ਅੱਖ ਦੱਬੀ।

Academy of the Punjab in North America: http://www.apnaorg.com

—ਕਿਉਂ...?' ਮੈਨੇਜਰ ਹੈਰਾਨ ਹੋਇਆ ।

—ਬਸ, ਕੁਛ ਕੰਮ ਐਂ । ਲੋਡ਼੍ਹ ਕੱਲ੍ਹ ਕਰਾਂਗੇ । ਮਾਲਕ ਨੂੰ ਜੋ ਮਰਜ਼ੀ ਕਹਿਦੀਂ ਪਰ ਇਹ ਨਾ ਕਹੀਂ—ਬਈ ਲੋਡ਼੍ਹ ਕਰਾਈ ਨੀ...।'

—ਸਮਝਾ ! ਸਮਝਾ !! ..ਤੋ ਸ਼ਾਮ ਕੋ...? ਠੀਕ ਹੈ...ਨਾ...?'...ਮੈਨੇਜਰ ਨੇ ਵੀ ਕੋਡ-ਵਰਡ 'ਚ ਗੱਲਾਂ ਕੀਤੀਆਂ ।

—ਹਾਂਅ !' ਬਾਸ਼ੇ ਨੇ ਖ਼ੁਸ਼ ਹੋ ਕੇ ਕਿਹਾ ਤੇ ਗੁਰਦੇਵ ਨੂੰ ਲੈ ਕੇ ਬਾਹਰ ਆ ਗਿਆ ।

ਜੀਤੂ ਰੱਸੇ ਤਰਪਾਲ ਖੋਹਲ ਰਿਹਾ ਸੀ । ਟਰਾਂਸਪੋਰਟ ਦੇ ਕੁਲੀ ਵੀ ਗੱਡੀ ਦੁਆਲੇ ਖੜ੍ਹੇ ਸਨ ।

ਚਾਰ ਚੁਫੇਰੇ ਗੱਡੀਆਂ ਹੀ ਗੱਡੀਆਂ ਸਨ । ਕਿਸੇ ਤੇ ਮਾਲ ਲੋਡ਼੍ਹ ਹੋ ਰਿਹਾ ਸੀ, ਕਿਸੇ ਤੋਂ ਉੱਤਰ ਰਿਹਾ ਸੀ । ਠੇਲਿਆਂ ਵਾਲੇ ਹੱਥ ਰੇੜ੍ਹੀਆਂ ਵਾਲੇ ਵੀ ਸਮਾਨ ਇਧਰ ਉਧਰ ਲੈ ਜਾ ਰਹੇ ਸਨ ।

ਫੇਰੀ ਵਾਲੇ ਕਿੰਨੇ ਹੀ ਘੁੰਮ ਰਹੇ ਸਨ, ਕੋਈ ਛੋਲੇ ਕੁਲਚਿਆਂ ਵਾਲਾ, ਕੋਈ ਕੁਲਫੀ ਵਾਲਾ, ਕੋਈ 'ਚਨਾ ਜੋਰ ਗਰਮ' ਗਾਉਂਦਾ ਫਿਰ ਰਿਹਾ ਸੀ ।

ਚਾਹ ਦੇ ਢਾਬਿਆਂ ਤੇ ਹੋਟਲਾਂ ਤੇ ਫੁਟਪਾਥਾਂ ਦੇ ਖੋਖਿਆਂ ਤੇ ਰੌਣਕਾਂ ਹੀ ਰੌਣਕਾਂ ਸਨ ! ਗੱਡੀਆਂ ਦਾ ਭੀੜ-ਭੜੱਕਾ ਐਨਾ ਸੀ, ਪੈਦਲ ਆਦਮੀ ਲਈ ਚੱਲਣਾ ਵੀ ਮੁਸ਼ਕਲ ਸੀ ।

ਗੁਰਦੇਵ ਆਪਣੇ ਆਪ ਨੂੰ ਮੇਲੇ ਵਿਚ ਗੁਆਚਿਆ ਮਹਿਸੂਸ ਕਰ ਰਿਹਾ ਸੀ ।

—ਖ਼ਾਲੀ ਕਰਾਲਾ ਪੁੱਤਰਾ ਛੇਤੀ ਛੇਤੀ ।' ਬਾਸ਼ੇ ਨੇ ਜੀਤੂ ਨੂੰ ਹੱਲਾ ਸ਼ੇਰੀ ਦਿੱਤੀ।

ਜੀਤੂ ਨਗ ਚੈੱਕ ਕਰਦਾ, ਤੇ ਕੁਲੀਆਂ ਦਾ ਖ਼ਿਆਲ ਰੱਖਦਾ, ਉਸਤਾਦ ਵੱਲ ਵੇਖ ਕੇ ਹੱਸਿਆ ।

ਬਾਸ਼ਾ ਤੇ ਗੁਰਦੇਵ ਇਕ ਹੋਟਲ ਤੇ ਚਾਹ ਪੀਣ ਚਲੇ ਗਏ ।

—ਬਾਈ ਬਾਸ਼ੇ ਘਰੇ ਚਿੱਠੀ ਲਿਖਦੀਏ, ਬਈ ਸੁੱਖ ਸਾਂਦ ਨਾਲ ਪਹੁੰਚਗੇ । ਬੇਬੇ ਬਾਪੂ ਫ਼ਿਕਰ ਕਰਦੇ ਹੋਣਗੇ ।' ਚਾਹ ਦੀ ਘੁੱਟ ਭਰਦਿਆਂ ਗੁਰਦੇਵ ਨੇ ਕਿਹਾ ।

Academy of the Punjab in North America: http://www.apnaorg.com

—ਚਿੱਠੀ ਤਾਂ ਮੈਂ ਵੀ ਪਾਉਣੀ ਐਂ । ਐਂ ਕਰਾਂਗੇ ! ਸ਼ਾਮ ਨੂੰ ਗਰਾਜ 'ਚ ਜਾਣਾ ਈ ਐਂ । ਉਥੇ ਲਿਖਾਂਗੇ ।'

—'ਲਫਾਫੇ ਲੈ ਲੀਏ, ਡਾਕਖਾਨੇ ਤੋਂ...?' ਗੁਰਦੇਵ ਨੇ ਪੁੱਛਿਆ ।

—ਆਪਣੇ ਕੋਲੇ ਐ, ਗੱਡੀ 'ਚ ਪਏ ਐ । ਪੰਜ ਛੀ ਤਾਂ ਰੱਖੀਦੇ ਐ ਕੋਲੇ । ਆ ਤੈਨੂੰ ਬਜ਼ਾਰ ਦਿਖਾ ਲਿਆਵਾਂ, ਫੇਰ ਤਾਂ ਕੋਹਲੂ ਦੇ ਬਲਦਾਂ ਆਂਗੂੰ ਇਕ ਟਰਾਂਸਪੋਰਟ ਤੋਂ ਦੂਜੀ ਟਰਾਂਸਪੋਰਟ ਤੇ ਘੁੰਮਾਂਗੇ ।' ਚਾਹ ਦਾ ਖਾਲੀ ਗਲਾਸ ਰੱਖਦਿਆਂ ਬਾਸ਼ਾ ਹੱਸਿਆ ।

ਦੋਵੇਂ ਭੀੜ ਭਰੇ ਬਜ਼ਾਰ ਵੱਲ ਨਿਕਲ ਗਏ । ...ਅਥਾਹ ਭੀੜ ਵੇਖ ਕੇ, ਗੁਰਦੇਵ ਨੇ ਪੁੱਛਿਆ—'ਬਾਸ਼ੇ, ਆਹ ਸਾਰੇ ਲੋਕ ਏਸੇ ਸ਼ਹਿਰ ਦੇ ਐ ?'

—ਅਜੇ ਤੂੰ ਵੇਖਿਆ ਈ ਕੀ ਐ ?...ਏਸ ਨਾਲੋਂ ਵੱਧ ਲੋਕ ਤਾਂ ਦੁਕਾਨਾਂ 'ਚ, ਹੋਟਲਾਂ 'ਚ, ਬਾਰਾਂ 'ਚ, ਕਲੱਬਾਂ 'ਚ ਬੈਠੇ ਐਸ਼ ਕਰ ਰਹੇ ਐ । ਜੇ ਸਾਰੇ ਬਾਹਰ ਨਿਕਲ ਆਉਣ ਤਾਂ...?' ਉਹ ਗੁਰਦੇਵ ਵੱਲ ਪ੍ਰਸ਼ਨ ਸੂਚਕ ਨਜ਼ਰਾਂ ਨਾਲ ਝਾਕਿਆ ।

ਵੱਖੋ ਵੱਖਰੇ ਸਮਾਨ ਨਾਲ ਸਜੀਆਂ ਦੁਕਾਨਾਂ ਵੇਂਹਦੇ ਤੇ ਭੀੜ ਵਿਚ ਆਪਣਾ ਰਾਹ ਬਣਾਉਂਦੇ ਉਹ ਕਾਫ਼ੀ ਦੂਰ ਨਿਕਲ ਗਏ ।

—ਚਲ ਮੁੜੀਏ ਹੁਣ, ਗੱਡੀ ਖਾਲੀ ਹੋਗੀ ਹੁਣ ਤਾਂ ।' ਕਹਿ ਕੇ ਬਾਸ਼ਾ ਪਿਛਾਂਹ ਮੁੜਿਆ ।...

—ਗਰਾਜ ਵਿਚ ਵੀ ਜਾਣਾ ਪੈਣੇ । ਮਿਸਤਰੀ ਨੂੰ ਪਹਿਲਾਂ ਸਮਝਾਉਣਾ ਪਊ । ਜੇ ਉਸਨੇ ਮਾਲਕ ਨੂੰ ਕਹਿਤਾ...ਪੰਪ ਤਾਂ ਸਹੀ ਐ,...ਫੇਰ ਵੀ ਮਾੜੀ ਗੱਲ ਐ ।' ਪਰ ਮਿਸਤਰੀ ਆਪਾਂ ਨੂੰ ਪੁੱਛੇ ਬਿਨਾਂ ਗੱਲ ਨੀ ਕਰਦਾ ।'...

ਉਹਨਾਂ ਦੇ ਟਰਾਂਸਪੋਰਟ ਤੇ ਮੁੜ ਆਉਣ ਤੱਕ ਟਰੱਕ ਖ਼ਾਲੀ ਕਰ ਲਿਆ ਗਿਆ ਸੀ । ਜੀਤੂ ਨੇ ਰੱਸੇ ਤਰਪਾਲਾਂ ਸਾਂਭ ਲਏ ਸਨ ਤੇ ਉਹ ਉਹਨਾਂ ਨੂੰ ਉਡੀਕ ਰਿਹਾ ਸੀ ।

—ਉਸਤਾਦ ਏਹ ਤਾਂ ਕਹਿੰਦੇ ਐ ਗੱਡੀ ਕੱਲ੍ਹ ਨੂੰ ਲੋਡ ਹੋਊ—'...ਜੀਤੂ ਨੇ ਫ਼ਿਕਰ ਨਾਲ ਕਿਹਾ ।

—ਹੋਊਗੀ ਤਾਂ ਕੱਲ ਨੂੰ ਹੋ ਜੂ । ਆਪਾਂ ਗਰਾਜ ਨੂੰ ਚਲਦੇ ਐਂ । ਮਾਲਕ

Academy of the Punjab in North America: http://www.apnaorg.com

ਦੀ ਤਸ਼ੱਲੀ ਵੀ ਕਰਾਉਣੀ ਐਂ । ਪੰਪ ਚੈੱਕ ਕਰਾਉਣਾ ਐਂ ।'... ਕਹਿਕੇ ਬਾਸ਼ਾ ਸਟੇਰਿੰਗ ਤੇ ਆ ਬੈਠਾ ਤੇ ਉਹ ਗਰਾਜ ਵਲ ਚੱਲ ਪਏ ।

× × × ×

ਗਰਾਜ ਵਿਚ ਮਾਲਕ ਚੰਦਾ ਸਿੰਘ ਪਹਿਲਾਂ ਹੀ ਬੈਠਾ ਸੀ । ਉਹ ਤਾਂ ਮਿਸਤਰੀ ਨੂੰ ਕਹਿਣ ਆਇਆ ਸੀ । ਟਰੱਕ ਲੋਡ੍ਹ ਹੋ ਕੇ ਆਏਗਾ, ਉਸਨੇ ਜਾਣਾ ਨਹੀਂ ।

ਪਰ ਅਚਾਨਕ ਜਦੋਂ ਉਸਦੀ ਗੱਡੀ ਗੈਰੇਜ਼ ਵਿਚ ਆ ਗਈ ਤਾਂ ਉਹ ਹੈਰਾਨ ਹੋਇਆ । ਗੱਡੀ ਖ਼ਾਲੀ ਵੇਖ ਕੇ ਦੁੱਖੀ ਵੀ ਹੋਇਆ ।

—ਕੀ ਗੱਲ ਖਾਲੀ ਲੈ ਆਏ, ਲੋਡ੍ਹ ਨੀ ਹੋਈ ?' ਚੰਦਾ ਸਿੰਘ ਨੇ ਕਾਹਲਾ ਪੈਂਦਿਆਂ ਪੁੱਛਿਆ ।

—ਅਸੀਂ ਤਾਂ ਬਥੇਰਾ ਕਿਹਾ ਸੀ, ਮੈਨੇਜਰ ਆਂਹਦਾ ਮਾਲ ਈ ਪੂਰਾ ਨੀ । ਕੱਲ੍ਹ ਨੂੰ ਲੋਡ੍ਹ ਹੋਊ । ਫੇਰ ਮੈਂ ਸੋਚਿਆ ਟੈਮ ਕਾਹਨੂੰ ਖਰਾਬ ਕਰਨੈ, ਪੰਪ ਈ ਚੈੱਕ ਕਰਾ ਲੀਏ । ਨਾਲੇ ਬਰੇਕ ਦਿਖੌਣੇ ਐਂ ।' ਬਾਸ਼ਾ ਸਟੇਰਿੰਗ ਤੇ ਬੈਠਾ ਹੀ ਬੋਲਿਆ ।

—ਕਿੱਥੇ ਲਾਵਾਂ ? ਮਿਸਤਰੀ ਨੂੰ ਫਤੇਹ ਬੁਲਾ ਕੇ ਬਾਸ਼ੇ ਨੇ ਪੁੱਛਿਆ ।

—ਏਸੇ ਗੱਡੀ ਦੇ ਪਿੱਛੇ ਲਾ ਦੇ ।' ਮਿਸਤਰੀ ਨੇ ਕਿਹਾ ।

ਬਾਸ਼ੇ ਨੇ ਗੱਡੀ ਠੀਕ ਕਰਕੇ ਲਾ ਦਿੱਤੀ । ਫੇਰ ਸਾਰੇ ਹੇਠਾਂ ਉਤਰ ਆਏ ।

—ਜੈਕ ਲਾ ਵਈ ।' ਮਿਸਤਰੀ ਨੇ ਜੀਤੂ ਨੂੰ ਕਿਹਾ ।

—ਗੁਰਦੇਵ ਨਾਲ ਲੱਗ ਏਹਦੇ ।' ਬਾਸ਼ੇ ਨੇ ਗੁਰਦੇਵ ਨੂੰ ਕਿਹਾ ।

—ਗੱਡੀ ਸਟਾਰਟ ਕਰ ਖਾਂ, ਨਾਲੇ ਬਰਨਡ ਚੱਕ, ਪੰਪ ਦੇਖੀਏ ।' ਮਿਸਤਰੀ ਬਾਸ਼ੇ ਵੱਲ ਹੋਇਆ ।

ਬਾਸ਼ੇ ਨੇ ਗੱਡੀ ਸਟਾਰਟ ਕੀਤੀ । ਮਿਸਤਰੀ ਨੇ ਸਜੀਸਰ ਪਾਈਪ ਵਿਚੋਂ ਨਿਕਲਦਾ ਧੂੰਆਂ ਵੇਖਿਆ । ਰੇਸ ਕਰਾ ਕੇ ਫੇਰ ਧੂੰਆਂ ਵੇਖਿਆ । ਸਲੋ ਕਰਨ ਨੂੰ ਕਹਾ । ਫਿਰ ਆਪ ਵੀ ਗੱਡੀ ਰੇਸ ਕਰਕੇ ਵੇਖੀ ।...

—ਪੰਪ ਤਾਂ ਠੀਕ ਐ ।' ਮਿਸਤਰੀ ਨੇ ਹੌਲੀ ਜਿਹੀ ਕਿਹਾ ।

—ਲੋਡ੍ਹ ਹੋਈ ਨੂੰ ਪਤਾ ਨੀ ਕੀ ਹੋ ਜਾਂਦੈ...? ਕਦੇ ਬੰਦ ਹੋ ਜਾਂਦੀ ਐ, ਕਦੇ

Academy of the Punjab in North America: http://www.apnaorg.com

ਹਵਾ ਲੈ ਜਾਂਦੀ ਐ।' ਬਾਸ਼ੇ ਨੇ ਕਿਹਾ।...ਉਹ ਮਿਸਤਰੀ ਵੱਲ ਭੇਦ ਭਰਿਆ ਝਾਕਿਆ। ਮਿਸਤਰੀ ਸਮਝ ਗਿਆ।

—ਡਲਿਵਰੀ ਵਾਲਵ ਸਪਲਾਈ ਨਹੀਂ ਸਹੀ ਕਰਦੇ ਹੋਣਗੇ। ਪੰਪ ਖੋਹਲਣਾ ਪਊ।' ਉਸਨੇ ਮਾਲਕ ਵੱਲ ਝਾਕਦਿਆਂ ਕਿਹਾ।

—ਠੀਕ ਐ। ਖੋਹਲ ਫੇਰ ਛੇਤੀ, ਨਹੀਂ ਤਾਂ ਕੱਲ੍ਹ ਦੀ ਦਿਹਾੜੀ ਵੀ ਮਰੂ।'

ਮਿਸਤਰੀ ਦੇ ਇਸ਼ਾਰੇ ਤੇ ਉਸਦੇ ਚੇਲੇ-ਬਾਲਕੇ ਰੈਂਚ ਚਾਬੀਆਂ ਲੈ ਕੇ ਫਿਊਲ ਪੰਪ ਦੇ ਦੁਆਲੇ ਹੋ ਗਏ।

ਗੁਰਦੇਵ ਤੇ ਜੀਤੂ ਨੇ ਪਿਛਲੇ ਚੱਕੇ ਨੂੰ ਜੈੱਕ ਲਾ ਲਿਆ ਸੀ। ਮਿਸਤਰੀ ਨੇ ਚੱਕਾ ਘੁੰਮਾ ਕੇ ਵੇਖਿਆ। ਬਾਸ਼ੇ ਨੂੰ ਸਟੇਰਿੰਗ ਤੇ ਬਹਿ ਕੇ ਬਰੇਕਾਂ ਮਾਰਨ ਲਈ ਕਿਹਾ।

ਬਾਸ਼ੇ ਨੇ ਬਰੇਕਾਂ ਮਾਰੀਆਂ, ਚੱਕਾ ਇਕ ਦਮ ਖੜ੍ਹ ਗਿਆ।

—ਛੱਡ ਦੇ।' ਮਿਸਤਰੀ ਬੋਲਿਆ। ਚੱਕਾ ਘੁਮਾਇਆ—ਘੁੰਮ ਗਿਆ।

—ਮਾਰ।' ਮਿਸਤਰੀ ਬੋਲਿਆ।

ਬਰੇਕਾਂ ਮਾਰਨ ਤੇ ਘੁੰਮਦਾ ਚੱਕਾ ਫਿਰ ਖੜ੍ਹ ਗਿਆ ਝਟਕੇ ਨਾਲ। ਇਸ ਤਰ੍ਹਾਂ 'ਛੱਡਦੇ, ਮਾਰ, ਛੱਡਦੇ, ਮਾਰ' ਕਈ ਵਾਰ ਕੀਤਾ। ਫਿਰ ਉਸਨੇ ਜੀਤੂ ਨੂੰ ਕਿਹਾ—'ਇਹ ਠੀਕ ਐ ਦੂਸਰੇ ਚੱਕੇ ਨੂੰ ਜੈੱਕ ਲਾ।'

ਜੀਤੂ ਜੈੱਕ ਲਾਹੁਣ ਲੱਗ ਪਿਆ।

ਬਾਸ਼ਾ ਅਤੇ ਚੰਦਾ ਸਿੰਘ ਇਕ ਪਾਸੇ ਜਾ ਕੇ ਪਿਛਲੇ ਲਾਏ ਚੱਕਰ ਦਾ ਹਿਸਾਬ ਕਿਤਾਬ ਕਰਨ ਲੱਗ ਪਏ।

ਬਾਸ਼ੇ ਨੇ ਖਰਚੇ ਵਿਚ ਏ. ਸੀ. ਪੰਪ ਬਦਲਣ ਦਾ ਤੇ ਮਿਸਤਰੀ ਦਾ ਖਰਚਾ ਪਾਇਆ ਹੋਇਆ ਸੀ, ਉਸਨੇ ਰਾਹ ਵਿਚ ਇਕ ਨਾਕੇ ਤੇ ਦਿੱਤੇ ਪੰਜਾਹ ਰੁਪਈਏ ਨਹੀਂ ਸਨ ਪਾਏ। ਉਸਨੂੰ ਪਤਾ ਸੀ; ਮਾਲਕ ਪੁਲੀਸ ਖ਼ਰਚੇ ਤੇ ਸਦਾ ਚਿੜਦਾ ਹੈ। ਹੋਰ ਖ਼ਰਚੇ ਨਾ ਵੀ ਹੋਣ, ਜਿੰਨੇ ਮਰਜ਼ੀ ਲਿਖ ਦਿਉ, ਉਹ ਮੰਨ ਲੈਂਦਾ ਹੈ। ਏਸੇ ਲਈ ਬਾਸ਼ਾ ਗੱਡੀ ਦੀ ਰੀਪੇਅਰ ਵੱਧ ਪਾ ਦਿੰਦਾ ਸੀ ਤੇ ਪੁਲੀਸ ਖ਼ਰਚਾ ਨਹੀਂ ਸੀ ਪਾਉਂਦਾ। ਹਿਸਾਬ ਕਿਤਾਬ ਹੋ ਗਿਆ, ਮਾਲਕ ਸੰਤੁਸ਼ਟ ਸੀ। ਬਾਸ਼ੇ ਦੇ ਸਿਰੋਂ ਵੀ ਭਾਰ ਲੱਥਿਆ।

Academy of the Punjab in North America: http://www.apnaorg.com

ਕੁਝ ਦੇਰ ਇਧਰ ਉਧਰ ਫਿਰਦਾ, ਮਾਲਕ ਬਰੇਕਾਂ ਦਾ ਹੁੰਦਾ ਕੰਮ ਵੇਂਹਦਾ ਰਿਹਾ, ਇੰਨੇ ਨੂੰ ਮਿਸਤਰੀ ਦੇ ਮੁੰਡਿਆਂ ਨੇ ਪੰਪ ਖੋਲ੍ਹ ਲਿਆ।

—ਜਾਹ ਫਿਰ, ਚੈਕ ਕਰਾ ਲਿਆ ਏਹਨੂੰ।' ਮਿਸਤਰੀ ਨੇ ਚੰਦਾ ਸਿੰਘ ਨੂੰ ਕਿਹਾ।

—ਨਹੀਂ ਮੈਥੋਂ ਨੀ ਜਾਇਆ ਜਾਣਾ। ਮੈਂ ਟਰਾਂਸਪੋਰਟ ਤੇ ਪਿਛਲੇ ਚੱਕਰਾਂ ਦਾ ਭਾੜਾ ਲੈਣ ਜਾਣੈ।' ਤੂੰ ਆਪ ਚਲਾ ਜਾ ਬਾਸ਼ੇ ਨਾਲ...ਤੇ, ਆਥਣੇ ਫਿੱਟ ਕਰਨੋ। ਮੈਂ ਆਪ ਵੀ ਗੇੜਾ ਮਾਰੂੰ ਰਾਤ ਨੂੰ।' ਆਖ ਕੇ ਮਾਲਕ ਚਲਿਆ ਗਿਆ।

ਮਾਲਕ ਦੇ ਚਲੇ ਜਾਣ ਮਗਰੋਂ ਬਾਸ਼ਾ ਬੋਲਿਆ—

—ਮਿਸਤਰੀ ਪੰਪ ਨੂੰ ਐਂ ਈ ਫ਼ਿੱਟ ਕਰਾ ਦੇ, ਇਹ ਠੀਕ ਐ।'

—ਕਰਾ ਦਿੰਨੈ। ਮੁੰਡਿਆਂ ਨੂੰ ਧੋ ਲੈਣ ਦੇ। ਪਿਆ ਰਹਿਣ ਦੇ ਏਵੇਂ। ਆਥਣੇ ਜਿਹੇ ਫਿੱਟ ਕਰਾਂਗੇ। ਮੈਂ ਸਮਝ ਗਿਆ ਸੀ...।' ਮਿਸਤਰੀ ਹੱਸਿਆ।

—ਕਿਵੇਂ ਐਂ ਫੇਰ ?' ਬਾਸ਼ੇ ਨੇ ਚਿਹਰੇ ਤੇ ਸ਼ਰਾਰਤ ਲਿਆ ਕੇ ਪੁੱਛਿਆ।

—ਠੀਕ ਐ।' ਮਿਸਤਰੀ ਫੇਰ ਹੱਸਿਆ।

—ਮੰਗਾਈਏ ?'...

—ਮਰਜ਼ੀ ਐ।'—

ਬਾਸ਼ੇ ਨੇ ਜੀਤੂ ਨੂੰ ਕੁਝ ਰੁਪਏ ਫੜਾਏ ਤੇ ਠੇਕੇ ਤੋਂ ਬੋਤਲ ਲੈ ਆਉਣ ਲਈ ਹੁਕਮ ਦਿੱਤਾ।

ਜੀਤੂ ਕੈਬਿਨ ਵਿਚੋਂ ਸਾਬਣ ਕੱਢ ਕੇ, ਹੱਥ ਧੋ ਕੇ ਬੋਤਲ ਲੈਣ ਚਲਿਆ ਗਿਆ।

ਗਰਾਜ ਵਿਚ ਹੋਰ ਵੀ ਬਹੁਤ ਮਿਸਤਰੀ ਸਨ। ਲੱਕੜੀ ਵਾਲਾ, ਡੈਂਟਿੰਗ ਵਾਲਾ, ਬੈਟਰੀ-ਡਾਇਨਮੋਂ ਦਾ ਕੰਮ ਕਰਨ ਵਾਲਾ। ਸਿਪੇਅਰ ਪਾਰਟਸ ਦੀਆਂ ਦੁਕਾਨਾਂ ਸਨ। ਇਕ ਹੋਟਲ ਵੀ ਸੀ। ਬਾਹਰਲੇ ਪਾਸੇ ਟਾਇਰਾਂ ਦੀ ਦੁਕਾਨ ਵੀ ਸੀ।

—ਇਹ ਆਪਣਾ ਛੋਟਾ ਭਾਈ ਐ।' ਬਾਸ਼ੇ ਨੇ ਮਿਸਤਰੀ ਨਾਲ ਗੁਰਦੇਵ ਦੀ ਜਾਣ ਪਹਿਚਾਣ ਕਰਵਾਈ।

—ਆਪਾਂ ਏਹਨੂੰ ਇਕ ਮਹੀਨੇ 'ਚ ਡਰੈਵਰ ਬਣਾ ਦੇਣਾ।' ਐਤਕੀਂ ਮਾਲ ਗੁਹਾਟੀ ਦਾ ਲੋਡ੍ਹ ਐ। ਪਹਾੜਾਂ ਦੀ ਸੈਰ ਕਰਾਉਣੀ ਐਂ ਛੋਟੇ ਭਾਈ ਨੂੰ।'

Academy of the Punjab in North America: http://www.apnaorg.com

ਜੀਤੂ ਬੋਤਲ ਲੈ ਆਇਆ ।

ਦੋਨੋਂ ਪੀਣ ਬੈਠ ਗਏ । ਥੋੜ੍ਹੀ ਦੇਰ ਬਾਅਦ ਦੋਨੋਂ ਸ਼ਰਾਬੀ ਹੋ ਗਏ । ਬਾਸ਼ੇ ਨੇ ਗੁਰਦੇਵ ਨੂੰ ਪੀਣ ਲਈ ਜ਼ੋਰ ਲਾਇਆ ।

—ਨਹੀਂ ਬਾਈ, ਗੱਡੀ ਸਿੱਖੇ ਬਿਨਾਂ ਆਪਾਂ ਸ਼ਰਾਬ ਨੀ ਪੀਣੀ ।' ਉਹ ਗੱਲ ਤੇ ਲਕੀਰ ਖਿੱਚੀ ਬੈਠਾ ਸੀ ।

—ਉਹ ਪੀਂਦੇ ਰਹੇ । ਫੜ੍ਹਾਂ ਮਾਰਦੇ ਰਹੇ ਤੇ ਸ਼ਰਾਬ ਖਰੀ ਕਰਦੇ ਰਹੇ ।

—ਜੀਤੂ ਤੇ ਗੁਰਦੇਵ ਨੇ ਗਰਾਜ ਦੇ ਹੋਟਲ ਤੋਂ ਰੋਟੀ ਖਾ ਲਈ, ਤੇ ਥੋੜ੍ਹਾ ਪਰ੍ਹਾਂ ਹੱਟਕੇ ਸ਼ਰਾਬੀਆਂ ਦੀਆਂ ਗੱਲਾਂ ਤੇ ਹੱਸਦੇ ਰਹੇ ।

ਚੰਦਾ ਸਿੰਘ ਆਇਆ ਤਾਂ ਮਿਸਤਰੀ ਨੇ ਉਸਨੂੰ ਪੀਣ ਲਈ ਸੁਲਾਹ ਮਾਰੀ ।

—ਨਾ ਬਈ ਮੇਹਰਬਾਨੀ ਤੇਰੀ, ਜੇ ਅਸੀਂ ਪੀ ਵੀ ਲਈਏ ਤਾਂ ਕਿਸ਼ਤਾਂ ਤੇ ਟੈਕਸਾਂ ਦਾ ਫ਼ਿਕਰ ਈ ਨਸ਼ਾ ਨੀ ਹੋਣ ਦਿੰਦਾ । ਬਾਸ਼ੇ ਗੱਡੀ ਤੜਕੇ ਈ ਟਰਾਂਸਪੋਰਟ ਤੇ ਲਾਦੀਂ...।' ਕਹਿ ਕੇ ਉਹ ਚਲਿਆ ਗਿਆ ।

ਬਾਸ਼ਾ ਤੇ ਮਿਸਤਰੀ ਜਿੰਨਾ ਚਿਰ ਬੋਤਲ ਖ਼ਤਮ ਨਹੀਂ ਹੋਈ ਪੀਂਦੇ ਰਹੇ ।

—c—

Academy of the Punjab in North America: http://www.apnaorg.com

ਚੱਲੀਏ ?'

(ਅੱਠ)

ਪੂਰੇ ਸ਼ਰਾਬੀ ਹੋਏ ਬਾਸ਼ੇ ਨੇ ਮਿਸਤਰੀ ਨੂੰ ਪੁੱਛਿਆ—'ਖਿਦਰਪੁਰ

ਖਿਦਰਪੁਰ ਦੇ ਇਲਾਕੇ ਵਿਚ ਵੇਸ਼ਵਾਵਾਂ ਦੇ ਅੱਡੇ ਹਨ। ਪੂਰੇ ਦਾ ਪੂਰਾ ਬਜ਼ਾਰ ਉਹਨਾਂ ਦਾ ਹੈ। ਹਰ ਧਰਮ, ਹਰ ਜਾਤ ਦੀਆਂ ਵੇਸਵਾਵਾਂ ਇਥੇ ਮਿਲ ਜਾਂਦੀਆਂ ਹਨ। ਉਹਨਾਂ ਦੇ ਰੇਟ ਵੀ, ਡਰਾਈਵਰਾਂ-ਮਿਸਤਰੀਆਂ ਜਾਂ ਇਸ ਤਰ੍ਹਾਂ ਦੇ ਦਰਮਿਆਨੇ ਕੰਮਾਂ-ਕਾਰਾਂ ਵਾਲੇ ਲੋਕਾਂ ਲਈ ਠੀਕ ਬੈਠ ਜਾਂਦੇ ਹਨ। ਪਸ਼ੂਆਂ ਦੀ ਮੰਡੀ ਵਾਂਗ, ਝੁੰਡਾਂ ਦੇ ਝੁੰਡ, ਕੁੜੀਆਂ ਸਸਤਾ ਮੇਕ-ਅਪ, ਗੂਹੜੀ ਸੁਰਖੀ ਤੇ ਭੜਕਾਊ ਕੱਪੜੇ ਪਾਕੇ ਲੰਘਦੇ ਰਾਹੀਆਂ ਵੱਲ ਕਾਮ-ਉਕਸਾਊ ਇਸ਼ਾਰੇ ਕਰਦੀਆਂ ਹਨ, ਭਾਵੇਂ ਕੋਈ ਸਾਊ ਬੰਦਾ ਹੀ ਆਪਣੇ ਕੰਮ ਜਾ ਰਿਹਾ ਹੋਵੇ।

ਮਿਸਤਰੀ ਅਜਿਹੇ ਅੱਡਿਆਂ ਤੇ ਬਥੇਰਾ ਜਾ ਚੁੱਕਿਆ ਸੀ, ਭੈੜਾ ਜਿਹਾ ਮੂੰਹ ਬਣਾ ਕੇ ਬੋਲਿਆ—'ਉਥੋਂ ਕੋਈ ਬੀਮਾਰੀ ਸਹੇੜ ਕੇ ਆਵਾਂਗੇ।'

—ਨਾ ਜਾਵਾਂਗੇ ਅੰਦਰ। ਚੋਹਲ ਮੋਹਲ ਈ ਕਰ ਆਈਏ।' ਬਾਸ਼ਾ ਉਧਰ ਜਾਣ ਦੇ ਮੂਡ ਵਿਚ ਸੀ।

ਦੋਵੇਂ ਤਿਆਰ ਹੋ ਗਏ। ਬਾਸ਼ਾ ਹਾਥੀ ਵਾਂਗ ਝੂਲ ਰਿਹਾ ਸੀ।

—ਨਵੇਂ ਸਾਥੀ ਨੂੰ ਵੀ ਵਿਖਾ ਲਿਆਈਏ ਕੰਪਣੀ ਬਗੀਚਾ ?' ਮਿਸਤਰੀ ਨੇ ਗੁਰਦੇਵ ਬਾਰੇ ਪੁੱਛਿਆ।

—ਆਹੋ ਠੀਕ ਐ। ਨਾਲੇ ਆਪਣੇ ਕੋਲ ਸੂਫੀ ਬੰਦਾ ਚੰਗਾ ਹੋਊ।' ਆਖ ਕੇ ਉਸਨੇ ਗੁਰਦੇਵ ਨੂੰ ਆਵਾਜ਼ ਮਾਰੀ।

ਉਹ ਅਜੇ ਪਿਆ ਨਹੀਂ ਸੀ, ਜੀਤੂ ਹੋਟਲ ਤੇ ਈ ਬੈਠਾ ਸੀ। ਆ ਗਿਆ।

—ਚੱਲ ਘੁੰਮ ਕੇ ਆਉਨੇ ਐਂ ਥੋੜ੍ਹਾ।' ਕਹਿ ਕੇ ਉਹਨਾਂ ਨੇ ਆਪਣੇ ਨਾਲ ਤੋਰ ਲਿਆ।

ਸੜਕ ਦੇ ਮੋੜ ਤੇ ਉਹਨਾਂ ਟੈਕਸੀ ਲਈ।



Academy of the Punjab in North America: http://www.apnaorg.com

ਖਿਦਰਪੁਰ, ਬਾਹਠ-ਗੰਜ ਆ ਉਤਰੇ ।

ਤਿੰਨੋਂ ਬਜ਼ਾਰ ਵੱਲ ਵਧੇ । ਮਿਸਤਰੀ ਕੁਛ ਸੰਗਦਾ ਜਿਹਾ ਸੀ । ਗੁਰਦੇਵ ਤਾਂ ਦੇਖ ਕੇ ਉਂ ਈ ਭਵੰਤਰਿਆ ਤੁਰਿਆ ਜਾ ਰਿਹਾ ਸੀ ।

ਉਹਨਾਂ ਵੱਲ ਵੇਖ ਕੇ ਲੜਕੀਆਂ ਆਵਾਜ਼ਾਂ ਮਾਰਨ ਲੱਗੀਆਂ । ਆਪਣੇ ਕੋਲ ਬੁਲਾਉਣ ਲਈ ਇਸ਼ਾਰੇ ਕਰਨ ਲੱਗੀਆਂ ।

—ਆਪਣੇ ਜਿਵੇਂ ਸਬਜ਼ੀ ਵਿਕਦੀ ਐ ਨਾ...? ਏਥੇ ਕੁੜੀਆਂ ਵੀ ਵਿਕਦੀਐਂ...' ਬਾਸ਼ੇ ਨੇ ਗੁਰਦੇਵ ਨੂੰ ਦੱਸਿਆ ।

ਇਕ ਟੋਲੀ ਕੋਲ ਬਾਸ਼ਾ ਰੁਕਿਆ ਤਾਂ ਮਿਸਤਰੀ ਅਤੇ ਗੁਰਦੇਵ ਵੀ ਰੁਕ ਗਏ ।

—ਚੱਲੇਗਾ ?' ਬਾਸ਼ਾ ਨੇ ਪੁੱਛਿਆ ।

—ਨਾ ਬਾਬਾ ! ਬਹੁਤ ਭਾਰੀ ਹੈ ਰੇ । ਮੈਂ ਤੋ ਮਰ ਹੀ ਜਾਊਂਗੀ ।' ਲੜਕੀ ਨੇ ਸ਼ਰਾਰਤ ਨਾਲ ਉਸਨੂੰ ਮਜ਼ਾਕ ਕੀਤਾ । ਸਾਰੀਆਂ ਹੱਸ ਪਈਆਂ ।

—ਮੈਂ ਨੀਚੇ ਲੇਟ ਜਾਉਂਗਾ ਤੁਮ ਉਪਰ...' ਬਾਸ਼ੇ ਨੇ ਅੱਖ ਮਾਰੀ ।

—ਅਰੇ ਬਾਪਰੇ..., ਏਕ ਹਾਥੀ ਕੇ ਊਪਰ ਚੂਹੀਆ ।' ਇਕ ਹੋਰ ਨੇ ਕਿਹਾ । ਸਾਰੀਆਂ ਫੇਰ ਹੱਸ ਪਈਆਂ ।

—ਸਾਲੀ ਨਾ ਹੋਵੇ ।'

ਉਹ ਅਗਾਂਹ ਤੁਰ ਪਏ । ਗੁਰਦੇਵ ਪਿੱਛੇ-ਪਿੱਛੇ ਚੋਰ ਅੱਖਾਂ ਨਾਲ ਇਧਰ-ਉਧਰ ਝਾਕ ਰਿਹਾ ਸੀ ।

—ਅਰੇ ਕਾ ਹੁਆ, ਜੋਰੂ ਕੇ ਭਾਈਓ ?' ਪਿੱਛੋਂ ਆਵਾਜ਼ ਆਈ । ਉਹ ਨਹੀਂ ਰੁਕੇ ।

ਇਹੋ ਜੇਹੀਆਂ ਇਕ ਦੋ ਹੋਰ ਟੋਲੀਆਂ ਨਾਲ ਮਜ਼ਾਕ ਕਰਕੇ ਉਹ ਵਾਪਸ ਮੁੜ ਪਏ ।

ਇਕ ਹੋਟਲ ਤੇ ਉਹਨਾਂ ਰੋਟੀ ਖਾਧੀ ਤੇ ਗਰਾਜ ਵਿਚ ਆ ਕੇ ਪੈ ਗਏ ।

ਗੁਰਦੇਵ ਨੂੰ ਅਜੇ ਵੀ ਬਾਹਠ ਗੰਜ ਵਾਲੀਆਂ ਕੁੜੀਆਂ ਦਿਸ ਰਹੀਆਂ ਸਨ । ਕਦੇ ਉਹ ਕੱਪੜੇ ਧੋ ਰਿਹਾ ਸੀ । ਕਦੇ ਟਾਇਰ ਖੁਲ੍ਹਵਾ ਰਿਹਾ ਸੀ ।...ਫਿਰ ਪਤਾ ਨਹੀਂ ਕਦੋਂ ਉਸ ਨੂੰ ਨੀਂਦ ਆ ਗਈ, ਸੁਪਨੇ ਵਿਚ ਉਹ ਆਪਣੇ ਪਿੰਡ ਪਹੁੰਚ

Academy of the Punjab in North America: http://www.apnaorg.com

ਗਿਆ। ਆਪਣੇ ਘਰ, ਮਾਂ ਪਿਉ ਸਭ ਦਿਸੇ...ਪਿੰਡ ਦੇ ਲੋਕ। ਜਦੋਂ ਪਿੰਡੋਂ ਤੁਰਿਆ। ਪਿਆਰ ਦੇਣ ਲੱਗੀ ਮਾਂ ਅੱਖਾਂ ਭਰ ਆਈਆਂ ਸੀ।...ਫਿਰ ਉਸਨੂੰ ਅਥਾਹ ਭੀੜ ਦਿੱਸੀ। ਉਹ ਗੁਆਚਿਆ ਗੁਆਚਿਆ ਪਤਾ ਨਹੀਂ ਕਿਸਨੂੰ ਲੱਭ ਰਿਹਾ ਹੈ...ਆਵਾਜ਼ਾਂ ਮਾਰ ਰਿਹਾ ਹੈ—ਪਰ ਉਸਦੀ ਆਵਾਜ਼ ਨਹੀਂ ਨਿਕਲਦੀ... ਤੇ ਉਸ ਦੀ ਜਾਗ ਖੁਲ੍ਹ ਗਈ।

ਦੇਖਿਆ, ਦਿਨ ਚੜ੍ਹ ਰਿਹਾ ਹੈ। ਜੀਤੂ ਨੇ ਗੱਡੀ ਦੇ ਕੈਬਿਨ ਵਿਚ ਬੱਤੀ ਜਲਾ ਕੇ ਧੂਫ ਲਾ ਦਿੱਤੀ ਹੈ। ਮੂੰਹ ਹੱਥ ਧੋ ਕੇ, ਚਾਹ ਪੀ ਕੇ ਉਸਨੇ ਬਾਸ਼ੇ ਨੂੰ ਉਠਾਇਆ।

ਤੇ ਕੁਝ ਦੇਰ ਬਾਅਦ ਉਹਨਾਂ ਟਰਾਂਸਪੋਰਟ ਤੇ ਗੱਡੀ ਲੋਡ ਕਰਨ ਲਈ ਆਣ ਲਗਾਈ।

ਇਸ ਵਾਰ ਗੁਹਾਟੀ ਜਾਣਾ ਸੀ।

× × ×

ਗੱਡੀ ਲੱਡ ਕਰਕੇ, ਉਹ ਗੁਹਾਟੀ ਵੱਲ ਚੱਲ ਪਏ। ਕਿਧਰੇ ਕੋਈ ਐਕਸੀ-ਡੈਂਟ, ਕਿਧਰੇ ਕੋਈ ਗੱਡੀ ਖਰਾਬ, ਕਿਸੇ ਹੋਟਲ ਤੇ ਬੀਮਾਰ ਪਿਆ ਕੋਈ ਡਰਾਈਵਰ ਆਪਣੇ ਘਰ ਦੇ ਸੁੱਖ ਝੂਰ ਰਿਹਾ। ਕਿਧਰੇ ਆਪਸ ਵਿਚ ਲੜਾਈ, ਕਿਧਰੇ ਪੁਲਸੀਆਂ ਨਾਲ ਝਗੜਾ। ਹੋਟਲਾਂ ਦੀਆਂ ਰੌਣਕਾਂ। ਉਹ ਰੁਕਦੇ ਗਏ, ਚੱਲਦੇ ਗਏ। ਗੁਹਾਟੀ ਪਹੁੰਚ ਗਏ।

ਮਾਲ ਖ਼ਾਲੀ ਕਰਕੇ, ਉਹਨਾਂ ਉੜੀਸਾ ਦਾ ਲੋਡ ਕਰ ਲਿਆ, ਤੇ ਕਲਕੱਤੇ ਟਰਾਂਸਪੋਰਟ ਤੇ ਸੂਚਨਾ ਦੇਣ ਲਈ ਕਹਿਕੇ, ਫਿਰ ਸਫ਼ਰ ਦੀਆਂ ਤਿਆਰੀਆਂ ਆਰੰਭ ਦਿੱਤੀਆਂ।

ਦਿਨ ਰਾਤ, ਸੌਂਦੇ ਜਾਗਦੇ, ਉਹ ਭੁਬਨੇਸ਼ਵਰ ਆ ਗਏ। ਟਰੱਕ ਖਾਲੀ ਕਰਵਾ ਕੇ ਪੁਰੀ ਦਾ ਮੰਦਰ ਦੇਖਣ ਚਲੇ ਗਏ। ਫਿਰ ਸਮੁੰਦਰ ਕਿਨਾਰੇ ਘੁੰਮੇ। ਇਥੇ ਗੱਡੀ ਇਕ ਦਿਨ ਲੋਡ ਨਹੀਂ ਹੋਈ। ਹੋਟਲ ਤੇ ਬਾਸ਼ੇ ਨੇ ਦੁਪਿਹਰੇ ਵੀ ਦਾਰੂ ਪੀਤੀ—ਰਾਤ ਨੂੰ ਵੀ ਦਾਰੂ ਪੀਤੀ। ਕੱਪੜੇ ਧੋਤੇ ਗਏ, ਜੀਤੂ ਨੇ ਗੱਡੀ ਦਾ ਇਕ ਨਟ ਚੈੱਕ ਕੀਤਾ। ਗੁਰਦੇਵ ਵੀ ਹਰ ਕੰਮ ਦੀ ਨਿਗਾਹ ਰੱਖ ਰਿਹਾ ਸੀ। ਉਹ ਹੁਣ ਤੇਲ-ਪਾਣੀ ਚੈੱਕ ਕਰਨਾ ਸਿੱਖ ਗਿਆ ਸੀ।

—ਆਪਾਂ ਨੂੰ ਕਲਕੱਤਿਓਂ ਆਇਆਂ ਪੰਦਰਾਂ ਦਿਨ ਹੋਗੇ।' ਬਾਸ਼ੇ ਨੇ ਹੈਰਾਨੀ ਨਾਲ ਗੁਰਦੇਵ ਨੂੰ ਕਿਹਾ।

Academy of the Punjab in North America: http://www.apnaorg.com

—ਪਤਾ ਈ ਨੀ ਲੱਗਿਆ ਦਿਨਾ ਦਾ ! ਪਿੰਡ ਤਾਂ ਸਾਲਾ ਇਕ ਦਿਨ ਕੱਟਣਾ ਔਖਾ ਹੋ ਜਾਂਦਾ ਹੁੰਦਾ ਸੀ ।' ਗੁਰਦੇਵ ਵੀ ਹੈਰਾਨ ਹੋਇਆ ।

ਟਰਾਂਸਪੋਰਟ ਤੋਂ ਪਤਾ ਕੀਤਾ ਇੰਦੌਰ ਦਾ ਮਾਲ ਸੀ । ਪਰ ਬਾਸ਼ਾ ਕਲਕੱਤੇ ਜਾਣਾ ਚਾਹੁੰਦਾ ਸੀ ।

—ਯਾਰ, ਚਿੱਤ ਉਦਾਸ ਜਿਹਾ ਹੈ ।'

—ਕਿਉਂ ?'

—ਪਤਾ ਨਹੀਂ, ਘਰੋਂ ਕੋਈ ਚਿੱਠੀ ਨਾ ਆਈ ਪਈ ਹੋਵੇ । ਆਪਾਂ ਕਲਕੱਤੇ ਈ ਚੱਲਾਂਗੇ । ਓਥੋਂ ਵੇਖੀ ਜਾਊ ਫੇਰ, ਜਿਹੋ ਜਾ ਪ੍ਰੋਗਰਾਮ ਬਣੂ ।'... ਬਾਸ਼ਾ ਦਾ ਚਿਹਰਾ ਸੱਚਮੁੱਚ ਉਦਾਸ ਸੀ । ਉਸਨੂੰ ਆਪਣੀਆਂ ਲੱਤਾਂ ਨਾਲ ਚਿੰਬੜੇ ਬੱਚੇ ਤੇ ਤਖਤੇ ਦੀ ਓਟ ਨਾਲ ਅੱਖਾਂ ਭਰੀ ਖੜ੍ਹੀ ਪਤਨੀ ਦਿਸੀ । ਉਸਦਾ ਹਾਉਕਾ ਨਿਕਲ ਗਿਆ ।

—ਚਲ ਆ ਤੇਰਾ ਹੱਥ ਸਿੱਧਾ ਕਰਾਈਏ ।' ਬਾਸ਼ਾ ਝਟਕੇ ਨਾਲ ਉਠਿਆ । ਦਰਅਸਲ ਉਹ ਉਦਾਸ ਵਾਲੇ ਵਿਚਾਰਾਂ ਤੋਂ ਦੂਰ ਭੱਜਣਾ ਚਾਹੁੰਦਾ ਸੀ ।

ਪਹਿਲਾਂ ਬਾਸ਼ੇ ਨੇ ਗੁਰਦੇਵ ਨੂੰ ਸਟੇਰਿੰਗ ਸਿੱਧਾ ਰੱਖਣਾ ਸਿਖਾਇਆ । ਫਿਰ ਗੀਅਰਾਂ ਦੀ ਪੁਜ਼ੀਸ਼ਨ ਸਮਝਾਈ । ਪਹਿਲਾ ਕਿਥੇ ਲਗਦਾ ਹੈ, ਕਿਵੇਂ ਲਗਦਾ ਹੈ । ਦੂਸਰਾ ਤੀਸਰਾ ਗੀਅਰ ਕਿੰਨੀ ਸਪੀਡ ਤੇ ਲਾਉਣਾ ਹੈ । ਬਰੇਕਾਂ ਕਦੋਂ ਮਾਰਨੀਆਂ ਹਨ । ਡਬਲ ਕਲੱਚ ਕਿਉਂ ਕਰਨਾ ਪੈਂਦਾ ਹੈ । ਗੱਡੀ ਕਦੋਂ ਪਾਸ ਕਰਨੀ ਹੈ । ਡਿਪਰ ਕਿਉਂ ਮਾਰੀਦਾ ਹੈ । ਰਾਤ ਨੂੰ ਗੱਡੀ ਰੋਕਣ ਲੱਗੇ ਰੇਸ ਕਰਕੇ ਕਿਉਂ ਬੰਦ ਕਰੀਦੀ ਹੈ । ਗੁਰਦੇਵ ਸਿਆਣੇ ਵਿਦਿਆਰਥੀ ਵਾਂਗ ਸਿੱਖਦਾ ਗਿਆ ।

ਅਗਲੇ ਦਿਨ ਉਹ ਲੋਡ ਕਰਕੇ ਫ਼ਿਰ ਚੱਲ ਪਏ । ਇਸ ਵਾਰ ਬਾਸ਼ੇ ਨੇ ਉਸ ਨੂੰ ਲੋਡ ਗੱਡੀ ਵੀ ਫੜਾਈ । ਕਦੇ ਕਦੇ ਡੋਲ ਜਾਂਦੀ ਸੀ । ਉਹ ਘਬਰਾ ਵੀ ਜਾਂਦਾ ਸੀ । ਗੀਅਰ ਆਵਾਜ਼ ਕਰਨ ਲਗਦੇ ਸਨ । ਸਾਹਮਣਿਉਂ ਆਉਂਦਾ ਟਰੱਕ ਵੇਖਕੇ ਉਸਦੇ ਪੈਰ ਕੰਬਣ ਲਗਦੇ ਸਨ । ਉਹ ਘਬਰਾ ਕੇ ਬਾਸ਼ੇ ਨੂੰ ਆਖਦਾ...... 'ਬਾਈ ਤੂੰ ਚਲਾ ।'...

—ਲਈ ਚੱਲ ! ਲਈ ਚੱਲ ।' ਬਾਸ਼ਾ ਹੁਕਮ ਦਿੰਦਾ । ਜਦੋਂ ਕੋਈ ਸ਼ਹਿਰ ਨੇੜੇ ਆ ਜਾਂਦੇ ਤਾਂ ਬਾਸ਼ਾ ਆਪ ਚਲਾਉਣ ਲਗਦਾ ।

Academy of the Punjab in North America: http://www.apnaorg.com

ਇਸ ਤਰ੍ਹਾਂ ਹੀ ਉਹ ਕਲਕੱਤੇ ਪਹੁੰਚ ਗਏ। ਗੁਰਦੇਵ ਪੂਰਾ ਖੁਸ਼ ਸੀ। ਉਸ ਨੂੰ ਟਰੱਕ ਚਲਾਉਣਾ ਆ ਜਿਹਾ ਸੀ।

ਪਿੰਡੋਂ ਚੱਲਿਆਂ ਨੂੰ ਚੌਵੀ ਪੱਚੀ ਦਿਨ ਹੋ ਗਏ ਸਨ। ਬਾਸ਼ੇ ਨੇ ਆਉਂਦਿਆਂ ਹੀ ਮੈਨੇਜਰ ਨੂੰ ਪੁੱਛਿਆ—'ਕੋਈ ਚਿੱਠੀ ਨੀ ਆਈ?'

—ਨਹੀਂ.. ਕੋਈ ਚਿੱਠੀ ਨਹੀਂ ਆਇਆ।' ਮੈਨੇਜਰ ਨੇ ਕਿਹਾ।

ਟਰੱਕ ਖਾਲੀ ਹੋ ਰਿਹਾ ਸੀ। ਬਾਸ਼ਾ ਗੁਰਦੇਵ ਨੂੰ ਆਪਣੇ ਨਾਲ ਲੈ ਕੇ ਬਾਹਰ ਆ ਗਿਆ। ...'ਆ ਤੈਨੂੰ ਇਕ ਸਹੇਲੀ ਮਿਲਾਕੇ ਲਿਆਵਾਂ।'

—ਸਹੇਲੀ?' ਗੁਰਦੇਵ ਹੈਰਾਨ ਹੋਇਆ।

—ਹਾਂ ਨਾਲੇ ਚਿੱਠੀ-ਚੁੱਠੀ ਦਾ ਪਤਾ ਲੱਗ ਜੂ। ਉਥੇ ਵੀ ਆਉਂਦੀ ਹੁੰਦੀ ਐ, ਆਪਣੀ ਡਾਕ।' ਤੇ ਗੁਰਦੇਵ ਨੂੰ ਨਾਲ ਲੈਕੇ ਬਜ਼ਾਰ ਵਿਚੋਂ ਦੀ ਲੰਘਦਾ, ਇਕ ਗਲੀ ਵਿਚ ਵੜ ਗਿਆ।

ਫਿਰ ਇਕ ਘਰ ਦਾ ਦਰਵਾਜ਼ਾ ਖੜਕਾਇਆ—'ਘਰ ਈ ਐਂ, ਘਰ ਵਾਲਿਓ...?'

ਅੰਦਰੋਂ ਇਕ ਚਾਲੀ ਕੁ ਸਾਲਾਂ ਦੀ ਸੁਨੱਖੀ ਔਰਤ ਸਿਰ ਤੇ ਚੁੰਨੀ ਠੀਕ ਕਰਦੀ ਬਾਹਰ ਆਈ ਤੇ ਬਾਸ਼ੇ ਨੂੰ ਵੇਖ ਕੇ ਉਸਨੂੰ ਚਾਅ ਚੜ੍ਹ ਗਿਆ।

—ਲੈ ਵੇਖ ਖਾਂ...?' ਅੱਗੇ ਤਾਂ ਜਿਵੇਂ ਘਰ ਵਾਲਿਆਂ ਦੇ ਹੁੰਦੇ ਤੋਂ ਈ ਘਰ ਆਉਂਦਾ ਹੋਵੇ।' ਉਸਨੇ ਦੋਹਾਂ ਨੂੰ ਰਸਮੀ ਸਤਿ ਸ੍ਰੀ ਅਕਾਲ ਬੁਲਾਈ, ਤੇ ਉਹਨਾਂ ਨੂੰ ਅੰਦਰ ਲੰਘਾਉਣ ਲਈ ਇਕ ਪਾਸੇ ਹੱਟ ਗਈ।

—ਆ ਜਾ ਬਈ ਗੁਰਦੇਵ।' ਕਹਿੰਦਾ ਬਾਸ਼ਾ ਅੰਦਰ ਵੜਿਆ। ਗੁਰਦੇਵ ਵੀ ਓਪਰਾ-ਓਪਰਾ ਝਿਜਕਦਾ ਜਿਹਾ ਮਗਰ ਤੁਰ ਪਿਆ।

ਇਕ ਕਮਰਾ ਸੀ, ਛੋਟਾ ਜਿਹਾ। ਇਕ ਕੰਧ ਨਾਲ ਵੱਡਾ ਮੰਜਾ ਡੱਠਾ ਹੋਇਆ ਸੀ। ਉਸਦੇ ਹੇਠ ਇਕ ਛੋਟੀ ਮੰਜੀ ਧੱਕੀ ਹੋਈ ਸੀ। ਕਮਰੇ ਦੇ ਵਿਚਕਾਰ ਚਿਟਾਈ ਵਿਛੀ ਹੋਈ ਸੀ। ਇਕ ਗੁੱਠ ਵਿਚ ਸਟੋਪ, ਤਵਾ ਤੇ ਰਸੋਈ ਦਾ ਹੋਰ ਨਿਕ ਸੁੱਕ ਪਿਆ ਸੀ। ਜਿੰਨਾ ਕੁ ਸਮਾਨ ਸੀ ਕਮਰੇ ਵਿਚ ਬੜੇ ਸਲੀਕੇ ਨਾਲ ਰੱਖਿਆ ਹੋਇਆ ਸੀ।

—ਕਿਥੇ ਐ ਸਰਦਾਰ ਸਾਹਬ?' ਬਾਸ਼ੇ ਨੇ ਉਹਦੇ ਘਰ ਵਾਲੇ ਬਾਰੇ ਪੁੱਛਿਆ।

Academy of the Punjab in North America: http://www.apnaorg.com

—ਚਕੀ ਖੜ੍ਹਾ ਹੋਣੈ ਦੰਬੂਕ, ਕਾਰਖਾਨੇ ਦੇ ਗੇਟ ਮੂਹਰੇ । ਆਥਣੇ ਆਊਗਾ । ਹੁਣ ਦਿਨ ਦੀ ਡਿਊਟੀ ਐ ।' ਆਖਕੇ ਉਹ ਗੁਰਦੇਵ ਵੱਲ ਝਾਕੀ ।

ਉਸਦਾ ਘਰ ਵਾਲਾ ਇਕ ਫੈਕਟਰੀ ਵਿਚ ਦਰਬਾਨ ਲੱਗਿਆ ਹੋਇਆ ਸੀ। ਇਕ ਹਫਤਾ ਦਿਨ ਦੀ ਡਿਊਟੀ ਹੁੰਦੀ ਸੀ, ਇਕ ਹਫਤਾ ਰਾਤ ਦੀ । ਦੋਵੇਂ ਜੀਅ ਸਨ, ਵਧੀਆ ਗੁਜ਼ਾਰਾ ਹੋਈ ਜਾਂਦਾ ਸੀ । ਰਟਾਇਰ ਫੌਜੀ ਸੀ ਹੁਣ । ਵਿਆਹ ਬੜਾ ਪਛੜਕੇ ਹੋਇਆ ਸੀ । ਦੋਹਾਂ ਵਿਚ ਉਮਰਾਂ ਦਾ ਪਾੜਾ ਵੀ ਬਹੁਤ ਸੀ ।

—ਏਹ ਸਾਡੇ ਪਿੰਡੋਂ ਐ ਗੁਰਦੇਵ, ਚਾਚੇ ਦਾ ਪੁੱਤ ਐ । ਗੱਡੀ ਸਿੱਖਣ ਆਇਆ, ਪੜ੍ਹਿਆ ਲਿਖਿਆ......ਨੌਕਰੀ ਕਿਤੇ ਮਿਲੀ ਨੀਂ ।......ਤੇ ਏਹ ਮੀਤੋ ਐ, ਆਪਣੀ ਭਰਜਾਈ, ਗੁਰਮੀਤ ਕੌਰ । ਆਪਣੇ ਨਾਲ ਦੇ ਪਿੰਡ ਫੌਜੀ ਐ ਨਾ ਮੇਜਰ ਸਿੰਘ ?...ਤੂੰ ਨੀ ਜਾਣਦਾ ਸ਼ਾਇਦ । ਉਹਦੇ ਘਰੇਂ ਐਂ ।'

ਮੀਤੋ ਨੂੰ ਗੁਰਦੇਵ ਵੱਲ ਝਾਕਦਿਆਂ ਤਾੜਕੇ, ਬਾਸ਼ੇ ਨੇ ਦੋਹਾਂ ਦੀ ਜਾਣ ਪਛਾਣ ਕਰਾਈ।

—ਮੈਂ ਚਾਹ ਧਰ ਦਿਆਂ ।' ਆਖ ਕੇ ਉਹ ਚਟਾਈ ਤੋਂ ਉਠਣ ਲੱਗੀ ਤਾਂ ਬਾਸ਼ਾ ਬੋਲਿਆ— 'ਨਹੀਂ ਚਾਹ ਨੀ ਧਰਨੀ । ਰੋਟੀ ਖਾਵਾਂਗੇ । ਮੈਂ ਸਬਜ਼ੀ ਫੜ ਲਿਆਵਾਂ ।' ਉਹ ਉਠ ਖੜਾ ਹੋਇਆ ।

—ਸਬਜ਼ੀ ਕੀ ਕਰਨੀ ਐਂ ਫੇਰ । ਆਲੂ ਪਏ ਐ, ਧਰ ਦਿੰਨੀ ਐਂ ।'

—ਭਰਜਾਈਏ, ਹੋਟਲਾਂ ਤੇ ਵੀ ਆਲੂ, ਤੇਰੇ ਕੋਲੇ ਵੀ ਆਲੂ । ਅਸੀਂ ਕੋਈ ਪਾਪ ਕੀਤੇ ਐ ? ਮੀਟ ਸ਼ੀਟ ਲਿਆਉਨੇ ਐਂ, ਤੂੰ ਗੰਢੇ ਛਿੱਲ ।'

ਮੀਤੋ ਹੱਸ ਪਈ...'ਤੇਰੀਆਂ ਏਹੀ ਗੱਲਾਂ ਰਹੀਆਂ ।'

ਦੋਵੇਂ ਬਾਹਰ ਨਿਕਲ ਗਏ । ਮੀਤੋ ਟੋਕਰੀ ਵਿਚੋਂ ਗੰਢੇ ਲੈ ਕੇ ਛਿੱਲਣ ਲੱਗੀ ।

ਬਾਸ਼ੇ ਹੋਰਾਂ ਨੇ ਮੀਟ ਖਰੀਦਿਆ । ਠੇਕੇ ਤੋਂ ਬੋਤਲ ਲਈ । ਫਿਰ ਮਠਿਆਈ ਦੀ ਦੁਕਾਨ ਤੋਂ ਮਠਿਆਈ ਖਰੀਦੀ ਤੇ ਮੀਤੋ ਦੇ ਘਰ ਆ ਗਏ ।

ਉਹ ਮਸਾਲਾ ਰਗੜ ਰਹੀ ਸੀ ।

—ਧਰ ਦੇ ਫਟਾ-ਫਟ... ।' ਬਾਸ਼ੇ ਨੇ ਸਮਾਨ ਉਸਨੂੰ ਫੜਾਇਆ ।...'ਸਾਨੂੰ ਗਲਾਸ ਦੇ ਦੇ ਇਕ ।' ਆਖ ਕੇ ਉਸ ਨੇ ਡੱਬ ਵਿਚੋਂ ਬੋਤਲ ਕੱਢਕੇ ਮੰਜੇ ਦੇ ਪਾਵੇ ਨਾਲ ਖੜ੍ਹੀ ਕਰ ਦਿੱਤੀ ।

Academy of the Punjab in North America: http://www.apnaorg.com

ਮੀਤੋ ਗਲਾਸ ਪਾਣੀ ਦੀ ਗੜਵੀ ਤੇ ਅਚਾਰ ਰੱਖ ਗਈ। ਬਾਸ਼ੇ ਨੇ ਬੋਤਲ ਖੋਲ੍ਹੀ, ਪੈਗ ਪਾਇਆ ਤੇ ਧੁੜ ਧੜੀ ਲੈ ਕੇ ਪੀ ਗਿਆ। ਗਲਾਸ ਹੇਠਾਂ ਰੱਖ ਦਿੱਤਾ।

—ਬਾਈ ਨੀ ਪੀਂਦਾ...?' ਮੀਤੋ ਨੇ ਪੁੱਛਿਆ।

—ਨਾ, ਏਹ ਕਹਿੰਦਾ ਐ ਜਿੰਨਾ ਚਿਰ ਗੱਡੀ ਨੀ ਸਿੱਖਦਾ, ਪੀਣੀ ਨੀ।'

ਮੀਤੋ ਨੇ ਸਟੋਵ ਜਗਾ ਕੇ ਪਤੀਲਾ ਧਰ ਦਿੱਤਾ। ਮਸਾਲਾ ਭੁੰਨਣ ਲੱਗੀ। ਕਮਰੇ ਵਿਚ ਮਿੱਠੀ ਲਭਾਉਣੀ ਵਾਸ਼ਨਾ ਫੈਲ ਗਈ।

ਬਾਸ਼ਾ ਦੋ ਪੈਗ ਹੋਰ ਪੀ ਗਿਆ ਸੀ ਤੇ ਸ਼ਰਾਬੀ ਹੋ ਗਿਆ ਸੀ।

—ਗੁਰਦੇਵ ਏਹ ਆਪਣੀ ਮਾਵਾਂ ਅਰਗੀ ਭਰਜਾਈ ਐ। ਸਾਰਾ ਦੁੱਖ ਸੁੱਖ ਏਥੇ ਆ ਕੇ ਰੋਈਦੈ। ਏਹ ਆਪਣੀ ਭੈਣ ਵੀ ਐ..., ਘਰ ਆਲੀ ਵੀ ਐ...ਮਾਂ ਵੀ ਐ...।'

ਸ਼ਰਾਬ ਚੜ੍ਹਗੀ ਤੈਨੂੰ ਪੂਣ। ਕੀ ਅਵਾ ਤਵਾ ਬੋਲੀ ਜਾਂਦੈ।' ਮੀਤੋ ਸੰਗ ਗਈ।

—ਕੋਈ ਚਿੱਠੀ ਨੀ ਆਈ ਪਿੰਡੋ ..?' ਸ਼ਰਾਬੀ ਬਾਸ਼ੇ ਨੇ ਅਚਾਨਕ ਪੁੱਛਿਆ।

—ਬੂ ਨੀ ਮੈਂ ਮਰ ਜਾਂ!' ਮੀਤੋ ਨੂੰ ਚੇਤਾ ਆ ਗਿਆ—'ਚਿੱਠੀ ਆਈ ਨੂੰ ਤਾਂ ਕਈ ਦਿਨ ਹੋਗੇ।' ਤੇ ਉਹ ਕਾਹਲੀ ਨਾਲ ਉਠੀ, ਇਕ ਡੱਬੇ ਵਿਚੋਂ ਚਿੱਠੀ ਲਿਆ ਕੇ ਬਾਸ਼ੇ ਨੂੰ ਫੜਾ ਦਿੱਤੀ।

—ਪੜ੍ਹ ਕੇ ਸੁਣਾ ਤਾਂ।' ਬਾਸ਼ੇ ਨੇ ਗੁਰਦੇਵ ਨੂੰ ਕਿਹਾ। ਉਹ ਚਿੱਠੀ ਖੋਹਲਣ ਲਗਾ, ਫਿਰ ਸਾਰੀ ਚਿੱਠੀ ਤੇ ਸਰਸਰੀ ਨਿਗਾਹ ਮਾਰੀ, ਤੇ ਢਿੱਲਾ ਜਿਹਾ ਬੋਲਿਆ—ਤਾਈ ਕੋਠੇ ਤੋਂ ਡਿੱਗ ਪੀ, ਚੂਕਣਾ ਉੱਤਰ ਗਿਆ। ਤੈਨੂੰ ਖੜੇ ਖੜੋਤੇ ਆਉਣ ਨੂੰ ਲਿਖਿਐ .....।'

—ਓਏ ਲੋਹੜਾ।' ਮੀਤੋ ਉਦਾਸ ਹੋਕੇ ਭੁੰਜੇ ਹੀ ਚਟਾਈ ਤੇ ਬੈਠ ਗਈ।

ਬਾਸ਼ਾ ਕੁਝ ਨਾ ਬੋਲਿਆ। ਇਕ ਪੈੱਗ ਹੋਰ ਪਾਇਆ। ਕਮਰੇ ਦੀ ਚੁੱਪ ਬੋਝਲ ਹੋ ਗਈ। ਤਿੰਨੋਂ ਇਉਂ ਚੁੱਪ ਸਨ ਜਿਵੇਂ ਸਭਨਾਂ ਦੀ ਮਾਂ ਦਾ ਚੂਕਣਾ ਉੱਤਰ ਗਿਆ ਹੋਵੇ।

—ਤੂੰ ਕਾਹਨੂੰ ਐਹੋ ਜਾ ਮੂੰਹ ਕਰ ਲਿਆ ਭਰਜਾਈਏ। ਬੇਬੇ ਦਾ ਚੂਕਣਾ ਈ ਉਤਰਿਆ ਐ...ਠੀਕ ਹੋਜੂ ਗਾ।'

Academy of the Punjab in North America: http://www.apnaorg.com

—'ਅੱਖਾਂ ਤਾਂ ਆਪ ਭਰੀ ਬੈਠਾ ਛੂੰ । ਮੈਨੂੰ ਕਿਤੇ ਪਤਾ ਨੀ ।' ਮੀਤੋ ਭਰੇ ਗਲੇ ਨਾਲ ਬੋਲੀ, ਤੇ ਜਾਕੇ ਮੀਟ ਵਿਚ ਕੜਛੀ ਮਾਰਨ ਲੱਗ ਪਈ ।

—ਆਪਾਂ ਦਿੱਲੀ ਦਾ ਲੱਡੂ ਕਰੀਏ ਫਿਰ ਐਤਕੀਂ । ਮੈਂ ਪਿੰਡ ਜਾ ਆਊਂ । ਜਾਂ ਫਿਰ ਮਾਲਕ ਨੂੰ ਕਹਿੰਨੇ ਐਂ, ਪੰਦਰਾਂ ਦਿਨ ਡਰਾਈਵਰ ਹੋਰ ਰੱਖ ਲਾ ।'......

ਮੀਤੋ ਆਟਾ ਗੁੰਨ੍ਹ ਕੇ ਰੋਟੀਆਂ ਪਕਾਉਣ ਲੱਗ ਪਈ । ਗੁਰਦੇਵ ਤੇ ਬਾਸ਼ਾ ਹੇਠਾਂ ਚਿਟਾਈ ਤੇ ਆ ਬੈਠੇ । ਉਹ ਮੀਤੋ ਨਾਲ ਹੱਸਣ ਖੇਡਣ ਆਇਆ ਸੀ, ਪਰ ਪਿੰਡੋਂ ਆਈ ਚਿੱਠੀ ਨੇ ਸਭਨਾਂ ਨੂੰ ਉਦਾਸ ਕਰ ਦਿੱਤਾ ਸੀ ।

ਰੋਟੀ ਖਾ ਕੇ, ਦੋਵਾਂ ਨੇ ਹੱਥ ਧੋਤੇ ਤੇ ਜਾਣ ਲਈ ਤਿਆਰ ਹੋ ਗਏ ।

—ਚੰਗਾ ਭਰਜਾਈਏ, ਬੋਲਿਆ ਚਾਲਿਆ ਮਾਫ਼ ।' ਬਾਸ਼ੇ ਨੇ ਹੱਥ ਜੋੜੇ ।

—ਅੜਿਆ ਪਿੰਡ ਜਾਵੇਂਗਾ ਤਾਂ ਸਾਡੇ ਪਿੰਡ ਵੀ ਗੇੜਾ ਮਾਰ ਆਈਂ । ਸਾਲ ਲੰਘ ਗਿਆ ਨਾ ਕੋਈ ਚਿੱਠੀ ਨਾ ਸਨੇਹਾ......' ਉਹ ਫੇਰ ਅੱਖਾਂ ਭਰ ਆਈ ।

—ਜ਼ਰੂਰ ਜਾਕੇ ਆਊਂਗਾ ।' ਬਾਸ਼ੇ ਨੇ ਵਾਅਦਾ ਕੀਤਾ ।

—ਕਦੋਂ ਆਏਂਗਾ, ਫੇਰ ?

—ਕੀ ਪਤਾ ਭਰਜਾਈਏ, ਰੱਬ ਈ ਜਾਣਦੈ ।'

—ਹਾ ਨੂੰ ਚੰਦਰਿਆ, ਇਉਂ ਨੀ ਆਖੀਦਾ ਹੁੰਦਾ ।' ਮੀਤੋ ਅੰਦਰੋਂ ਪਸੀਜ ਗਈ । ਦੋਵੇਂ, ਫਿਰ ਸਤਿ ਸ੍ਰੀ ਅਕਾਲ ਬੁਲਾਕੇ ਤੁਰ ਪਏ ।

—ਪਹਿਲਾਂ ਤਾਂ ਮਾਲਕ ਨੂੰ ਕਹੀਏ, ਡਰਾਈਵਰ ਦਾ ਬੰਦੋਬਸਤ ਕਰ । ਫੇਰ ਵੇਖੀ ਜਾਊ । ਤੇਰੀ ਗੱਲ ਮੈਂ ਇਕ ਹੋਰ ਡਰੈਵਰ ਨਾ ਕਰਾ ਦਿੰਨੇ । ਬੰਦਾ ਉਹ ਵੀ ਵਧੀਆ ਐ । ਉਦੋਂ ਨੂੰ ਮੈਂ ਪਤਾ ਲੈ ਕੇ ਪਿੰਡੋਂ ਮੁੜ ਆਊਂ... ।'

ਦੋਵੋਂ ਰਵਾਂ ਰਵੀਂ ਟਰਾਂਸਪੋਰਟ ਵੱਲ ਚੱਲ ਪਏ ।

Academy of the Punjab in North America: http://www.apnaorg.com

## (ਨੌਂ)

ਬਾਸ਼ਾ ਤੇ ਗੁਰਦੇਵ ਟਰਾਂਸਪੋਰਟ ਤੇ ਆ ਗਏ। ਚੰਦਾ ਸਿੰਘ ਪਹਿਲਾਂ ਹੀ ਆਇਆ ਖੜਾ ਸੀ।...

ਗੱਡੀ ਦੋ ਘੰਟਿਆਂ ਦੀ ਲੋਡ਼ ਖੜ੍ਹੀ ਐ। ਜ਼ਿੰਮੇਵਾਰੀ ਵੀ ਸਮਝਿਆ ਕਰ ਆਪਣੀ।' ਮਾਲਕ ਨੇ ਗੁੱਸਾ ਵਿਖਾਇਆ।

—ਚਿੱਠੀ ਦਾ ਪਤਾ ਲੈਣ ਗਿਆ ਸੀ। ਮੈਂ ਤਾਂ ਪਿੰਡ ਨੂੰ ਜਾਣੈ। ਬੇਬੇ ਦੇ ਸੱਟ ਲੱਗੀ ਐ। ਤੂੰ ਕੋਈ ਡਰੈਵਰ ਭਾਲ ਲਾ।' .. ਬਾਸ਼ਾ ਵੀ ਰੁੱਖਾ ਬੋਲਿਆ। ਉਹ ਚੰਦਾ ਸਿੰਘ ਦੇ ਗਰਮੀ ਨਾਲ ਬੋਲਣ ਦਾ ਬੁਰਾ ਮਨਾ ਗਿਆ ਸੀ।

—ਡਰੈਵਰ ਭਾਲ ਲਾ..., ਡਰਵਰ ਜਿਵੇਂ ਗੁਆਚੇ ਹੁੰਦੇ ਐ। ਖੜੇ ਪੈਰ ਕਿਥੋਂ ਭਾਲ ਲੂੰ ਮੈਂ ਡਰੈਵਰ ? ਆਹ ਗੇੜਾ ਲਾਇਆ, ਤੇਰੇ ਆਉਂਦੇ ਨੂੰ ਬੰਦੋਬਸਤ ਕਰਕੇ ਰੱਖੂੰ।'

—ਕਿਥੋਂ ਦਾ ਲੋਡ਼ ਐ ਮਾਲ...?'

—ਗੁਹਾਟੀ ਦਾ।'

—ਮੈਂ ਏਹਨੂੰ ਦਿੱਲੀ ਦਾ ਕਹਿ ਕੇ ਗਿਆ ਸੀ। ਗੁਹਾਟੀ ਪਤਾ ਨੀ ਕੀ ਮਿਲਦਾ ਤੈਨੂੰ। ਮੀਂਹ ਪੈਣ ਲੱਗ ਜੇ ਤਾਂ ਦੱਸ ਦਿਨ ਓਧਰੇ ਈ ਫਸੇ ਰਹਾਂਗੇ।'... ਬਾਸ਼ੇ ਨੇ ਬੁੜ ਬੁੜ ਕੀਤੀ। ਉਸਦਾ ਗੁਹਾਟੀ ਵੱਲ ਜਾਣ ਨੂੰ ਉੱਕਾ ਹੀ ਦਿਲ ਨਹੀਂ ਸੀ ਕਰਦਾ। ਉਸਨੇ ਸੋਚਿਆ ਸੀ, ਦਿੱਲੀ ਦਾ ਮਾਲ ਹੋਇਆ ਤਾਂ ਅੱਗੇ ਵਾਂਗ ਹੀ ਪਿੰਡ ਚਲਾ ਜਾਵੇਗਾ। ਪਰ ਚੰਦਾ ਸਿੰਘ ਨੇ ਉਸ ਦੀਆਂ ਸਕੀਮਾਂ ਫੇਲ੍ਹ ਕਰ ਦਿੱਤੀਆਂ।

—ਮੈਂ ਇਕ ਡਰੈਵਰ ਦਾ ਪਤਾ ਕਰ ਆਵਾਂ। ਜੇ ਵਿਹਲਾ ਹੋਇਆ ਤਾਂ ਉਹ ਗੇੜਾ ਲਾ ਆਊਗਾ। ਜੇ ਨਾ ਮਿਲਿਆ, ਫੇਰ ਵੇਖਾਂਗੇ ਕੀ ਕਰਨੈ।' ਚੰਦਾ ਸਿੰਘ ਨੂੰ ਆਖ ਕੇ ਉਹ ਡਰਾਈਵਰ ਲੱਭਣ ਚੱਲਿਆ ਗਿਆ।

ਮਾਲਕ ਟਰਾਂਸਪੋਰਟ ਤੋਂ ਬਿਲਟੀ ਅਤੇ ਐਡਵਾਂਸ ਲੈਣ ਲੱਗਾ।



Academy of the Punjab in North America: http://www.apnaorg.com

—ਬਾਬੂ ਮਾਲ ਤੋ ਥਾ ਦਿੱਲੀ ਕਾ ।' ਮੈਨੇਜਰ ਬੋਲਿਆ ।

—ਕਿਆ ਕਰੇਗਾ ਦਿੱਲੀ ਜਾ ਕੇ । ਦੱਸ ਦਿਨ ਮੀ ਆਏਗਾ ਵਾਪਸ, ਖਿੰਡ ਚਲਾ ਜਾਊਗਾ । ਹੁਣ ਗੁਹਾਟੀ ਤੋਂ ਵੇਖੀਂ ਕੈਸੇ ਮੁੜ ਕੇ ਆਤਾ ਹੈ ਤੀਰ ਕਾ ਮਾਫੀ ।'

ਮੈਨੇਜਰ ਮੁਸਕਰਾਇਆ ।...'ਤੁਮ ਲੋਗੇ' ਕੀਆਂ ਤੁਮ ਹੀ ਜਾਨੋ...।'

ਬਾਹਰ ਬਾਸ਼ਾ ਆ ਗਿਆ ਸੀ। ਡਰਾਈਵਰ ਨਹੀਂ ਮਿਲਿਆ । ਉਸ ਨੂੰ ਆਪੇ ਹੀ ਜਾਣਾ ਪਵੇਗਾ । ਹੁਣ ਇਹ ਸੋਚ ਕੇ ਦੁੱਖੀ ਵੀ ਸੀ ।

—ਦੂਸਰੇ ਗੇੜੇ ਨੀ ਮੈਂ ਜਾਣਾ । ਪਹਿਲਾਂ ਕਹਿ ਚੱਲਿਆਂ । ਡਰੈਵਰ ਦਾ ਬੰਦੋਬਸਤ ਕਰਕੇ ਰੱਖੀਂ । ਮੈਂ ਨੀ ਚਲਾਉਣੀ ਭਾਵੇਂ ਗੱਡੀ ਖੜ੍ਹ ਜੇ । ਫੇਰ ਨਾ ਆਖੀਂ ਦੱਸ ਕੇ ਨੀ ਗਿਆ । ਨਾਲੇ ਮੇਰਾ ਹਿਸਾਬ ਬਣਾਕੇ ਰੱਖੀਂ । ਪੈਸੇ ਚਾਹੀਦੇ ਐ ਮੈਨੂੰ ।' ਬਾਸ਼ਾ ਅਜੇ ਵੀ ਸਹਿਜ ਨਹੀਂ ਸੀ ਹੋਇਆ ।

ਬਿਲਟੀ ਤੇ ਐਡਵਾਂਸ ਲੈ ਕੇ ਉਹ ਤੁਰ ਪਏ। ਸ਼ਹਿਰ ਪਾਰ ਕਰਕੇ ਬਾਈਪਾਸ ਦੇ ਇਕ ਹੋਟਲ 'ਤੇ ਆ ਕੇ ਗੱਡੀ ਰੋਕ ਲਈ । ਭੀੜ ਵਿਚੋਂ ਨਿਕਲ ਕੇ ਸੁੱਖ ਦਾ ਸਾਹ ਲਿਆ ।

—ਯਾਰ ਜੇ ਐਥੇ ਵੀ ਕੋਈ ਡਰੈਵਰ ਮਿਲਜੇ ਮੈਂ ਪਿੰਡ ਤੁਰਜਾਂ । ਪਤਾ ਨੀ ਬੇਬੇ ਦਾ ਕੀ ਹਾਲ ਹੋਊਗਾ ?' ਉਹ ਮੰਜੇ ਤੇ ਉਦਾਸ ਜਿਹਾ ਪੈ ਗਿਆ । ਅੱਖਾਂ ਮੀਚ ਲਈਆਂ ।...

ਜੀਤੂ ਤੇ ਗੁਰਦੇਵ ਚਾਹ ਪੀਣ ਲੱਗੇ ।

ਪਿਆ ਪਿਆ ਬਾਸ਼ਾ ਦੂਰ ਆਪਣੇ ਪਿੰਡ ਪਹੁੰਚ ਗਿਆ । ਉਸਨੂੰ ਮਾਂ ਮੰਜੇ ਤੇ ਪਈ ਕਰਾਹ ਰਹੀ ਦਿਸੀ । ਸਾਰਾ ਟੱਬਰ ਉਸ ਦੁਆਲੇ ਇਕੱਠਾ ਸੀ ।

—ਬਾਸ਼ਾ ਆ ਗਿਆ ?' ਉਹ ਇਹੀ ਪੁੱਛ ਰਹੀ ਸੀ ਬਾਰ ਬਾਰ ।......ਮੇਰਾ ਪੁੱਤ ਮੰਗਾ ਦਿਉ, ਉਸਨੂੰ ਤਾਰ ਦੇ ਦਿਉ । ਆਖੋ ਇਕ ਵਾਰੀ ਆਪਣੀ ਮਾਂ ਦਾ ਮੂੰਹ ਵੇਖ ਜਾ......।' ਤੇ ਫਿਰ ਉਹ ਹੂੰਗਰਾ ਮਾਰਨ ਲੱਗੀ ।...ਬਾਸ਼ੇ ਨੂੰ ਆਪਣੀ ਘਰ ਵਾਲੀ ਦਿਸੀ। ਬੱਚੇ...ਬਾਪ...ਜਿਵੇਂ ਉਹ ਮਾਂ ਦੇ ਸਿਰਹਾਣੇ ਜਾ ਬੈਠਾ ਹੈ । ਮਾਂ ਉਠਕੇ ਉਸਨੂੰ ਚਿੰਬੜ ਗਈ ਹੈ। ਰੋ ਰਹੀ ਹੈ...'ਤੂੰ ਮੈਨੂੰ ਛੱਡ ਕੇ ਕਿੱਥੇ ਤੁਰ ਗਿਆ ਸੀ...?'.. ਬਾਸ਼ਾ ਵੀ ਰੋ ਰਿਹਾ ਹੈ ।...

ਹੋਟਲ ਤੇ ਆ ਕੇ ਰੁਕੇ ਇਕ ਹੋਰ ਟਰੱਕ ਦਾ ਪਰੈਸ਼ਰ ਹਾਰਨ ਵੱਜਿਆ ਤਾਂ

Academy of the Punjab in North America: http://www.apnaorg.com

ਬਾਸ਼ਾ ਤ੍ਰਭਕ ਕੇ ਉਠਿਆ..., ਉਹ ਸੱਚ ਮੁੱਚ ਹੀ ਰੋ ਰਿਹਾ ਸੀ। ਉਸਨੇ ਸਾਫੇ ਦੇ ਲੜ ਨਾਲ ਅੱਖਾਂ ਪੂੰਝੀਆਂ, ਤੇ ਹੋਟਲ ਦੇ ਨੌਕਰ ਨੂੰ ਚਾਹ ਲਿਆਉਣ ਲਈ ਕਿਹਾ।

ਉਸਨੇ ਨਲਕੇ ਤੇ ਜਾ ਕੇ ਮੂੰਹ ਧੋਤਾ, ਅੱਖਾਂ ਵਿਚ ਪਾਣੀ ਦੇ ਛਿੱਟੇ ਮਾਰੇ ਤੇ ਆ ਕੇ ਜੀਤੂ ਗੁਰਦੇਵ ਨੂੰ ਪੁੱਛਿਆ...'ਕਿਉਂ ਬਈ ਚੱਲੀਏ ?'

—ਚਲੋ ਉਸਤਾਦ।' ਜੀਤੂ ਉਠ ਖੜ੍ਹਾ ਹੋਇਆ।

—ਚਾਹ ਪੀਲੀਏ। ਤੁਸੀਂ ਪੀ ਲੀ ?'

—ਹਾਂਅ।' ਗੁਰਦੇਵ ਨੇ ਕਿਹਾ।

—ਪਾ ਪਾਣੀ ਪੂਣੀ ਫਿਰ ਤੇ ਹੋ ਰੈਡੀ।'

ਨੌਕਰ ਚਾਹ ਦੇ ਗਿਆ। ਜੀਤੂ ਨੇ ਰੇਡੀਏਟਰ ਵਿਚ ਪਾਣੀ ਪਾਇਆ। ਸ਼ੀਅ ਸਾਫ ਕੀਤੀ। ਸਾਹਮਣਾ ਸ਼ੀਸ਼ਾ ਪੂੰਝਿਆ, ਟਾਇਰ ਚੈੱਕ ਕੀਤੇ। ਰੱਸੇ ਖਿੱਚ ਕੇ ਵੇਖੇ।

ਚਾਹ ਪੀਕੇ ਬਾਸ਼ਾ ਉਹਨਾਂ ਕੋਲ ਆ ਗਿਆ।

—ਜੀਤੂ ਤੂੰ ਲਈ ਚੱਲ ਗੱਡੀ ਹੌਲੀ ਹੌਲੀ। ਮੇਰਾ ਚਿੱਤ ਨੀ ਠੀਕ। ਤਾਪ ਚੜ੍ਹੂ ਲਗਦੈ। ਹੱਡ ਪੈਰ ਟੁੱਟੀ ਜਾਂਦੇ ਐ।' ਬਾਸ਼ੇ ਨੇ ਆਪਣੇ ਹੱਥਾਂ ਨਾਲ ਹੀ ਗਿੱਚੀ ਨੂੰ ਘੁੱਟਿਆ।

ਜੀਤੂ ਸਟੇਰਿੰਗ ਤੇ ਆ ਬੈਠਾ। ਗੱਡੀ ਸਟਾਰਟ ਕੀਤੀ, ਕਿਸੇ ਹੋਣ ਵਾਲੀ ਅਣਗਹਿਲੀ ਤੋਂ ਡਰਦਿਆਂ ਕੰਨ ਫੜੇ ਤੇ ਗੱਡੀ ਤੋਰ ਲਈ। ਕੁਝ ਦੇਰ ਬਾਸ਼ਾ ਚੌਕੰਨਾ ਬੈਠਾ ਰਿਹਾ। ਫਿਰ ਇਕ ਪਾਸੇ ਸਿਰ ਸਿੱਟ ਕੇ ਅੱਖਾਂ ਬੰਦ ਕਰ ਲਈਆਂ।

ਜੀਤੂ ਦੋ ਸਾਲ ਦਾ ਬਾਸ਼ੇ ਦੇ ਨਾਲ ਸੀ। ਹੁਣ ਪੂਰਾ ਡਰਾਇਵਰ ਬਣਿਆ ਹੋਇਆ ਸੀ। ਬਾਸ਼ੇ ਨੇ ਉਸ ਨੂੰ ਕਿਹਾ ਵੀ ਸੀ, ਹੁਣ ਤੂੰ ਕੋਈ ਹੋਰ ਗੱਡੀ ਚਲਾਉਣ ਲੱਗ ਜਾ, ਪਰ ਦੋਹਾਂ ਦਾ ਆਪਸ ਵਿਚ ਬੜਾ ਮੋਹ ਸੀ, ਤੇ ਜੀਤੂ ਬਾਸ਼ੇ ਨੂੰ ਛੱਡ ਕੇ ਨਹੀਂ ਸੀ ਜਾਣਾ ਚਾਹੁੰਦਾ।

ਲਗਾਤਾਰ ਉਹ ਤੁਰੇ ਜਾ ਰਹੇ ਸਨ। ਭਾਸ਼ਾ ਜਾਂ ਸੌਂ ਗਿਆ ਸੀ ਸ਼ਾਇਦ, ਜਾਂ ਆਪਣੇ ਪਿੰਡ ਪਹੁੰਚ ਗਿਆ ਸੀ।

ਜੀਤੂ ਨੇ ਟੇਪ ਆਨ ਕਰ ਦਿੱਤੀ। ਚਮਕੀਲਾ ਵੱਜ ਉਠਿਆ...'ਨਾਲੇ ਬਾਬਾ ਖੇਡੇ ਨਾਲੇ ਮਾਰੇ ਸੀਟੀਆਂ। ਕੱਚ ਦੇ ਗਲਾਸ ਵਿਚ ਪਾਈਆਂ ਗੀਟੀਆਂ...।'

Academy of the Punjab in North America: http://www.apnaorg.com

ਹੋਟਲ ਤੋਂ ਤੁਰਿਆਂ ਨੂੰ ਦੋ ਘੰਟੇ ਹੋ ਗਏ ਸਨ। ਰੇਡੀਏਟਰ ਥੋੜ੍ਹਾ ਥੋੜ੍ਹਾ ਲੀਕ ਹੋਣ ਕਰਕੇ ਗੱਡੀ ਗਰਮ ਹੋਣ ਲੱਗੀ।

—ਆਪਾਂ ਪਾਣੀ ਪਾ ਲਈਏ ਕਿਤੋਂ, ਨਿਗਾਹ ਰੱਖੀਂ ਜਿਥੇ ਹੋਇਆ।' ਜੀਤੂ ਨੇ ਗੁਰਦੇਵ ਨੂੰ ਕਿਹਾ।

ਉਦੋਂ ਹੀ ਸਾਹਮਣੇ ਆਉਂਦੀ ਮਾਰੂਤੀ ਨੇ ਲਿੱਚੀ ਜਿਹੀ ਮਾਰੀ ਤਾਂ ਜੀਤੂ ਨੇ ਕਾਹਲੀ ਨਾਲ ਗੱਡੀ ਵੱਟੀ...'ਓਏ ਫੇਹੇ ਦੇਣਿਆਂ, ਮਾਰ ਤੇ ਸੀ...।' ਉਸਨੇ ਮਰੂਤੀ ਵਾਲੇ ਨੂੰ ਗਾਹਲ ਕੱਢੀ ਤੇ ਜਦੋਂ ਗੱਡੀ ਸੜਕ ਤੇ ਸਿੱਧੀ ਕਰਨ ਲੱਗਿਆ, ਦੂਸਰੇ ਪਾਸੇ ਤੋਂ ਆਉਂਦੇ ਟਰੱਕ ਦਾ ਡਾਲਾ ਰਸਿਆਂ ਨਾਲ ਖਹਿ ਗਿਆ ਤੇ ਤੜਿਕ ਤੜਿਕ ਕਰਕੇ, ਰੱਸੇ ਟੁੱਟ ਗਏ।

ਬਾਸ਼ਾ ਅਭੜਵਾਹ ਕੇ ਉਠਿਆ...

—ਕੀ ਹੋਇਆ?'

—ਸੈਡ ਮਾਰ ਗਿਆ ਕੰਜਰ।' ਜੀਤੂ ਨੇ ਕਿਹਾ ਤੇ ਇਕ ਦਮ ਗੱਡੀ ਰੋਕ ਲਈ। ਦੇਖਿਆ, ਤਰਪਾਲ ਵੀ ਪਾਟ ਗਈ ਸੀ ਤੇ ਮਾਲ ਦੇ ਡੱਬੇ ਸੜਕ ਤੇ ਖਿੱਲਰ ਗਏ ਸਨ।

ਕਾਹਲੀ ਨਾਲ ਸਾਰੇ ਹੇਠਾਂ ਉਤਰੇ, ਤੇ ਮੂੰਹਾਂ ਤੇ ਪਿਲੱਤਣਾਂ ਫਿਰ ਗਈਆਂ।

—ਹੌਲੀ ਨੀ ਮਰੀਦਾ ਸੀ...?' ਖਿੱਲਰੇ ਸਮਾਨ ਵਲ ਦੇਖਕੇ ਬਾਸ਼ਾ ਬੋਲਿਆ।

—ਗੱਡੀ ਤਾਂ ਜਵਾਂ ਹੌਲੀ ਸੀ ਬਾਈ, ਸਾਲਾ ਸਿੱਧਾ ਈ ਆਇਆ, ਪਤਾ ਨੀ ਸੁੱਤਾ ਹੋਊਗਾ, ਜੇ ਮੈਂ ਨਾ ਵੱਟਦਾ ਤਾਂ ਉਸਨੇ ਸਾਹਮਣੇ ਆ ਠੋਕਣੀ ਸੀ।...'

—ਸਾਰੇ ਈ ਐ ਕਹਿੰਦੇ ਹੁੰਦੇ ਐ।—ਕੱਠਾਂ ਕਰੋ ਮਾਲ...ਛੇਤੀ...।'

ਗੱਡੀ ਵਿਚ ਟੇਪ ਰੀਕਾਰਡਰ ਵੱਜ ਰਹੀ ਸੀ...'ਕਸ਼ਮੀਰੋਂ ਲੱਦੇ ਸੇਬਾਂ ਦਾ ਅੱਜ ਢੇਰ ਸੜਕ ਵਿਚ ਲਾਤਾ, ਸੌਹਰੇ ਦੀ ਲਾਲ ਮਾਰੂਤੀ ਨੇ ਅੱਜ ਚੱਕਾ ਜਾਮ ਕਰਾਤਾ...।'

—ਪਹਿਲਾਂ ਆਪਣੀ ਮਾਂ ਨੂੰ ਬੰਦ ਕਰ। ਇਕ ਡੱਬਾ ਚੁੱਕਦਿਆਂ ਬਾਸ਼ੇ ਨੇ ਟੇਪ ਵਲ ਇਸ਼ਾਰਾ ਕੀਤਾ।

ਜੀਤੂ ਟੇਪ ਰੀਕਾਰਡਰ ਬੰਦ ਕਰ ਆਇਆ।

ਸਾਰਾ ਮਾਲ ਉਹਨਾਂ ਇਕੱਠਾ ਕਰ ਲਿਆ ਰੱਸੇ ਫੇਰ ਖੋਹਲੇ। ਪਾਟੀ ਹੋਈ ਤਰਪਾਲ ਦਾ ਪਾਸਾ ਬਦਲਿਆ। ਹੋਡ ਵਿਚੋਂ ਇਕ ਹੋਰ ਤਰਪਾਲ ਗੱਡੀ। ਮਾਲ

Academy of the Punjab in North America: http://www.apnaorg.com

ਉਵੇਂ ਸਜਾਇਆ। ਕਈ ਡੱਬੇ ਫਿਸ ਤੇ ਟੁੱਟ ਗਏ ਸਨ। ਉਹ ਹੇਠਾਂ ਛੁਪਾਏ। ਰੱਸਿਆ ਨੂੰ ਗੰਢਿਆ, ਫੇਰ ਤਰਪਾਲ ਨਾਲ ਮਾਲ ਢਕਿਆ ਤੇ ਦੁਬਾਰਾ ਰੱਸੇ ਕੱਸਣ ਲੱਗੇ।

—ਜਦੋਂ ਕਾਹਲੀ ਹੋਵੇ, ਭੈਣ ਦੇਣਾ, ਉਦੋਂ ਹੀ ਸਿਆਪਾ ਪਊ ਕੋਈ ਨਾ ਕੋਈ, ਕੰਜਰ ਨੂੰ ਆਖਿਆ ਸੀ ਡਰੈਵਰ ਭਾਲ ਲਾ। ਜੀ ਕਰਦੈ ਐਥੇ ਈ ਗੱਡੀ ਖੜ੍ਹੀ ਕਰਕੇ ਤੁਰ ਜਾਂ ਪਿੰਡ, ਫੇਰ ਮੇਰੀ ਕੀ ਉਹ ਕੰਧ ਢਾਹ ਦੂਗਾ।'

ਆਪਣੇ ਆਪ ਨਾਲ ਝਿੱੜਦਾ ਕਰਿੱਝਦਾ ਬਾਸ਼ਾ ਆਪ ਸਟੇਰਿੰਗ ਤੇ ਆ ਬੈਠਾ।

ਤੇ ਉਹ ਤੁਰ ਪਏ।

× × ×

ਗੁਹਾਟੀ ਪਹੁੰਚ ਕੇ ਉਹਨਾਂ ਮਾਲ ਖ਼ਾਲੀ ਕੀਤਾ। ਕਲਕੱਤੇ ਦਾ ਮਾਲ ਨਹੀਂ ਸੀ, ਪਾਨਾਗੜ੍ਹ ਦੀ ਸਰੋਂ ਸੀ। ਬਾਸ਼ੇ ਨੇ ਉਹੀ ਲੋਡ ਕਰ ਲਈ। ਉਥੇ ਕੁਦਰਤੀ ਇਕ ਡਰਾਈਵਰ ਵੇਹਲਾ ਮਿਲ ਗਿਆ।

—ਤੂੰ ਮੇਰੇ ਨਾਲ ਈ ਚੱਲ ਕਲਕੱਤੇ ਨੂੰ, ਮਾਲਕ ਕਿਥੋਂ ਭਾਲ ਲੂ ਡਰੈਵਰ ਮੈਂ ਪਿੰਡ ਜਾਣੈ। ਐਤਕੀਂ ਤਾਂ ਮਹੀਨਾ ਲਾਕੇ ਈ ਆਊਂ।' ਚਾਹ ਪੀਂਦੇ ਨੇ ਉਸ ਡਰਾਈਵਰ ਨੂੰ ਕਿਹਾ।

ਉਹ ਨਾਲ ਆਉਣ ਨੂੰ ਤਿਆਰ ਹੋ ਗਿਆ।

ਰਾਤ ਨੂੰ ਉਹ ਵਾਪਸ ਤੁਰ ਪਏ ਤੇ ਰਾਹ ਵਿਚ ਇਕ ਹੋਟਲ ਤੇ ਆ ਕੇ ਰੋਟੀ ਖਾਣ ਲੱਗੇ।

ਰੋਟੀ ਖਾਦਿਆਂ ਤੋਂ ਜੀਤੂ ਦੇ ਅਚਾਨਕ ਦਰਦ ਉਠਿਆ। ਉਹ ਚਾਕੂ ਵਾਂਗ ਇਕੱਠਾ ਹੋ ਰਿਹਾ ਸੀ।

ਇਕ ਡਰਾਈਵਰ ਤੋਂ ਅਫੀਮ ਲੈ ਕੇ, ਸ਼ਰਾਬ ਮਿਲਾ ਕੇ ਦੋ ਚਮਚੇ ਪਿਆਏ। ਕੁਝ ਦੇਰ ਇੰਤਜ਼ਾਰ ਕੀਤਾ। ਕੋਈ ਫ਼ਰਕ ਨਾ ਪਿਆ। ਦਰਦ ਵੱਖੀ ਦੇ ਸੱਜੇ ਪਾਸੇ ਹੋ ਰਿਹਾ ਸੀ।

—ਇਹ ਤਾਂ ਬੀਲਾ ਉਠਿਐ।'...ਕਿਸੇ ਗੱਡੀ ਵਾਲੇ ਨੇ ਕਿਹਾ।

ਇਕ ਪੁਰਾਣੇ ਡਰਾਈਵਰ ਨੇ ਹੋਟਲ ਵਾਲੇ ਤੋਂ ਦਾਤਰ ਲੈਕੇ ਟੂਣਾ ਵੀ ਕੀਤਾ। ਉਸਦਾ ਢਿੱਡ ਵੀ ਮਲਿਆ, ਹੋਟਲ ਵਾਲੇ ਨੇ। ਫਰਕ ਕੋਈ ਨਾ ਪਿਆ। ਉਸ ਦੀਆ ਚੀਕਾਂ ਨਿਕਲ ਰਹੀਆਂ ਸਨ।

—ਪਹਿਲਾਂ ਵੀ ਹੋਇਐ ਕਦੇ?' ਬਾਸ਼ਾ ਬਹੁਤ ਚਿੰਤਤ ਸੀ।

Academy of the Punjab in North America: http://www.apnaorg.com

—ਨਹੀਂ...ਹਾਏ ਉਏ ਮਰ ਗਿਆ, ਹਾਏ ਮਾਂ...ਬੇਬੇ...ਬਹੁੜੀਂ ਉਏ।' ਜੀਤੂ ਚੀਕ ਰਿਹਾ ਸੀ।

—ਏਹ ਤਾਂ ਅਪੈਂਡਿਕਸ ਦਾ ਦਰਦ ਐ, ਢਿੱਡ ਨਾ ਮਲਿਓ।' ਇਕ ਸਮਝਦਾਰ ਨੇ ਕਿਹਾ।

—ਏਥੋਂ ਚੌਦਾਂ ਪੰਦਰਾਂ ਮੀਲ ਪਿੱਛੇ ਸ਼ਹਿਰ ਐ, ਡਾਕਟਰ ਨੂੰ ਜਗੌਣਾ ਪਊ।' ਹੋਟਲ ਵਾਲੇ ਨੇ ਦਸਿਆ।

—ਬਾਈ ਤੂੰ ਪਿੰਡ ਨੂੰ ਵੀ ਜਾਣੈ, ਗੱਡੀ ਲੈ ਜੋ, ਮੈਂ ਏਥੇ ਰਹਿਨਾਂ...' ਪੀੜ ਨਾਲ ਦੂਹਰੇ ਹੁੰਦੇ ਜੀਤੂ ਨੇ ਕਿਹਾ।

ਫਿਰ ਸਲਾਹ ਬਣਾਈ, ਗੁਰਦੇਵ, ਤੇ ਹੋਟਲ ਵਾਲਾ ਜੀਤੂ ਨੂੰ ਲੈਕੇ ਸ਼ਹਿਰ ਜਾਣਗੇ। ਇਕ ਖਾਲੀ ਟਰੱਕ ਖੜ੍ਹਾ ਸੀ, ਉਹ ਜਾਣਾ ਮੰਨ ਗਿਆ।

ਜੀਤੂ ਨੂੰ ਫੜਕੇ ਟਰੱਕ ਵਿਚ ਬਿਠਾ ਦਿਤਾ। ਬਾਸ਼ੇ ਨੇ ਹੋਟਲ ਵਾਲੇ ਨੂੰ ਕੁਝ ਰੁਪਏ ਫੜਾਏ...'ਜੇ ਹੋਰ ਲੱਗੇ ਤਾਂ ਲ ਦੀਂ।'

ਜੀਤੂ ਨੂੰ ਲੈਕੇ ਟਰੱਕ ਚਲਿਆ ਗਿਆ।

ਹੋਰ ਰੋਟੀ ਖਾਣ ਲਈ ਦਿਲ ਨਾ ਮੰਨਿਆ।

—ਆਪਾਂ ਸਫ਼ਰ ਨਬੇੜੀਏ...ਸੌਈਏਂ ਨਾ ਹੁਣ। ਤੜਕੇ ਜਿਹੇ ਕਲਕੱਤੇ ਨੇੜੇ ਜਾਕੇ ਅੱਖ ਲਾਵਾਂਗੇ?' ਬਾਸ਼ੇ ਨੇ ਨਵੇਂ ਡਰਾਈਵਰ ਨਾਲ ਰਾਇ ਕੀਤੀ।

—ਠੀਕ ਐ।'...

—ਬਾਬੂ! ਮੈਂ ਵੇਹਲਾ ਈ ਐਂ, ਆਪ ਕੇ ਪਾਸ ਖਲਾਸੀ ਨਹੀਂ ਹੈ ਤੋ...।' ਇਕ ਵੀਹ ਕੁ ਸਾਲ ਦੇ ਬਿਹਾਰੀ ਮੁੰਡੇ ਨੇ ਹੱਥ ਜੋੜ ਕੇ ਮਿੰਨਤ ਕੀਤੀ।

—ਜੈਕ ਜੁਕ ਲਾ ਲੈਂਨੈਂ?' ਬਾਸ਼ਾ ਨੇ ਪੁੱਛਿਆ।

—ਸਭ ਕਾਮ ਜਾਨਤਾ ਹੂੰ ਬਾਬੂ। ਗਾੜੀ ਪਰ ਹੀ ਕਾਮ ਕੀਆ ਹੈ।' ਉਸ ਨੇ ਹੋਰ ਵੀ ਵਿਚਾਰਾ ਜਿਹਾ ਮੂੰਹ ਬਣਾ ਲਿਆ।

—ਠੀਕ ਪਾ ਪਾਣੀ ਫਿਰ ਚੱਲੀਏ।'

—ਨਵੇਂ ਖਲਾਸੀ ਨੇ ਹੋਟਲ ਤੋਂ ਜੱਗ ਲੈ ਕੇ ਰੇਡੀਏਟਰ 'ਚ ਪਾਣੀ ਪਾਇਆ, ਤੇ ਉਹ ਤੁਰ ਪਏ।

ਸਾਰੀ ਰਾਤ ਚਲਦੇ ਗਏ।

Academy of the Punjab in North America: http://www.apnaorg.com

ਹੁਣ ਬਾਸ਼ਾਂ ਸੌਂ ਰਿਹਾ ਸੀ। ਨਵਾਂ ਡਰਾਈਵਰ ਚਲਾ ਰਿਹਾ ਸੀ। ਉਸ ਨੂੰ ਵੀ ਇਕ ਦੋ ਨੀਂਦ ਦੇ ਝਟਕੇ ਲੱਗੇ ਤਾਂ ਉਸ ਨੇ ਇਕ ਹੋਟਲ ਤੇ ਗੱਡੀ ਰੋਕ ਲਈ। ਬਾਸ਼ੇ ਨੇ ਅੱਖਾਂ ਖੋਲ੍ਹੀਆਂ ਤਾਂ ਡਰਾਈਵਰ ਬੋਲਿਆ...'ਘੰਟਾ ਕੁ ਅਰਾਮ ਕਰ ਲਈਏ, ਏਥੋਂ ਤਿੰਨ ਚਾਰ ਘੰਟਿਆਂ ਦਾ ਸਫਰ ਹੈ ਹੁਣ।'

ਸਾਰੇ ਹੇਠਾਂ ਉਤਰ ਆਏ।

ਖ਼ਾਲੀ ਮੰਜੇ ਵੇਖ ਕ ਪੈ ਗਏ ਤੇ ਹੋਟਲ ਵਾਲੇ ਨੂੰ ਕਿਹਾ ਤੜਕੇ ਚਾਰ ਵਜੇ ਜਗਾਦੀਂ।...

—ਮੈਂ ਤੋ ਗਾੜੀ ਮੇਂ ਹੀ ਸੋਤਾ ਹੂੰ, ਸਰਦਾਰ ਬਾਬੂ।' ਨਵੇਂ ਹੈਲਪਰ ਨੇ ਕਿਹਾ ਤੇ ਜਾ ਕੇ ਗੱਡੀ 'ਚ ਪੈ ਗਿਆ।

× × ×

ਹੋਟਲ ਦੇ ਨੌਕਰ ਨੇ ਚਾਰ ਵਜੇ ਬਾਸ਼ੇ ਨੂੰ ਜਗਾ ਦਿੱਤਾ।

—ਪਾਣੀ ਦਾ ਜੱਗ ਲਿਆ।' ਬਾਸ਼ਾ ਨੇ ਮੂੰਹ ਹੱਥ ਧੋਣ ਲਈ ਨੌਕਰ ਨੂੰ ਕਿਹਾ ਤੇ ਹੌਲੀ ਹੌਲੀ ਉਠਿਆ। ਖੜ੍ਹਾ ਹੋਕੇ ਅੰਗੜਾਈ ਲਈ ਤੇ ਵੇਖਿਆ, ਉਸ ਦੀ ਗੱਡੀ ਦਿਸੀ ਨਹੀਂ। ਕਾਹਲੀ ਨਾਲ ਹੋਰ ਖੜ੍ਹੀਆਂ ਗੱਡੀਆਂ ਵਲ ਵੇਖਿਆ, ਕਿੱਤੇ ਨਾ ਦਿਸੀ।

ਬਾਸ਼ੇ ਦਾ ਮੂੰਹ ਉੱਡ ਗਿਆ। ਬਦਹਵਾਸ ਹੋਏ ਨੇ ਨਵੇਂ ਡਰਾਈਵਰ ਨੂੰ ਜਗਾਇਆ ਤੇ ਹੋਟਲ ਵਾਲੇ ਨੂੰ ਪੁੱਛਿਆ।

—'ਗੱਡੀ ਹੈਨੀ।' ਸਾਰੇ ਹੈਰਾਨ ਹੋਏ।

ਪਲਾਂ ਵਿਚ ਹੀ ਰੌਲਾ ਪੈ ਗਿਆ। ਦੂਸਰੀਆਂ ਗੱਡੀਆਂ ਦੇ ਡਰਾਈਵਰ ਹੈਲਪਰ ਵੀ ਜਾਗ ਪਏ।...'ਗੱਡੀ ਚੋਰੀ ਹੋਗੀ..., ਗੱਡੀ ਚੋਰੀ ਹੋਗੀ।...

ਚਾਰ ਚੁਫੇਰੇ ਖ਼ਬਰ ਫੈਲ ਗਈ।

ਬਾਸ਼ਾ ਸਿਰ ਦੇ ਵਾਲ ਪੁੱਟਦਾ, ਰੋਣਹਾਕਾ ਹੋ ਗਿਆ।

—ਕਿਥੋਂ ਲੱਭਾਂ ਗੱਡੀ ਨੂੰ? ਉਸ ਕੰਜਰ ਨੂੰ ਕਿਹਾ ਸੀ ਮੈਨੂੰ ਪਿੰਡ ਜਾਣ ਦੇ। ਮਾਂ ਦਾ ਕਿਵੇਂ ਪਤਾ ਕਰਾਂ? ਕਿਧਰ ਨੂੰ ਜਾਵਾਂ?...ਉਹ ਉੱਚੀ ਉੱਚੀ ਬੋਲਣ ਲੱਗਾ।

ਸਾਰੇ ਉਸ ਦੁਆਲੇ ਇਕੱਠੇ ਹੋ ਗਏ।

—o—

Academy of the Punjab in North America: http://www.apnaorg.com

## (ਦੱਸ)

—ਹੁਣ ਐਂ ਕੀੜਿਆਂ ਕੀ ਬਣੂੰਗਾ, ਉਠ ਕੇ ਕੋਈ ਓਹੜ-ਪੋਹੜ ਕਰੀਏ।' ਹੋਟਲ ਦੇ ਮਾਲਕ ਨੇ ਬਾਸ਼ੇ ਨੂੰ ਸਮਝਾਇਆ। ਹੋਰ ਲੰਘਦੀਆਂ ਗੱਡੀਆਂ ਵੀ ਰੁਕ ਗਈਆਂ ਸਨ। ਬਾਸ਼ੇ ਨੂੰ ਸਾਰੇ ਟਰੱਕਾਂ ਵਾਲੇ ਜਾਣਦੇ ਸਨ।

ਬਾਸ਼ਾ ਸਿਰ ਸਿੱਟੀ ਬੈਠਾ ਸੀ। ਕਈਆਂ ਨੇ ਪੁੱਛਿਆ – ਕਿਵੇਂ ਹੋਇਆ?' ਉਹ ਕੀ ਦੱਸੇ।... ਫਿਰ ਵੀ ਉਹਨੇ ਦੱਸਿਆ ਰਾਹ ਵਿਚ ਜੀਤੂ ਦੇ ਦਰਦ ਹੁੰਦਾ ਸੀ, ਨਵਾਂ ਹੈਲਪਰ ਇਕ ਹੋਟਲ ਤੋਂ ਚੜ੍ਹਿਆ। ਉਹ ਵੀ ਹੈ ਨੀ ਏਥੇ।...

—ਬੱਸ ! ਗੱਡੀ ਓਸੇ ਨੇ ਭਜਾਈ ਹੋਊ।' ਏਹ ਮੇਰੇ ਸਾਲੇ ਮਾਊਂ ਜਿਹੇ ਬਣੇ ਫਿਰਦੇ ਰਹਿੰਦੇ ਐ। ਕਦੇ ਕਿਸੇ ਨਾਲ ਖਲਾਸੀ, ਕਦੇ ਡਰਾਈਵਰ, ਜਦੋਂ ਦਾਅ ਲਗਦਾ ਐ......, ਗੱਡੀ ਭਜਾ ਲੈਂਦੇ ਐ।' ਕਿਸੇ ਭੇਤੀ ਨੇ ਕਿਹਾ।

—ਮਾਲਕ ਤਾਂ ਅੱਗੇ ਈ ਬਾਹਲਾ ਔਖੈ, ਮੇਰੇ ਤੇ, ਆਖੂਗਾ ਤੂੰ ਜਾਣ ਬੁਝ ਕੇ ਕੀਤੈ।'

—ਠਾਣੇ ਡਾਇਰੀ ਤਾਂ ਦੇਈਏ ਜਾਕੇ।'

—ਗੱਡੀ ਇਨੇਸ਼ੂਅਰ ਫੁੱਲ ਸੀ?'

—ਹਾਂਅ।'

—ਫੇਰ ਤੂੰ ਕਾਹਤੋਂ ਮੂੰਹ ਲਟਕਾਈ ਬੈਠੇਂ। ਮਾਲਕ ਜਾਣੇ ਤੇ ਇਨਸ਼ੂਅਰ ਵਾਲੇ ਜਾਨਣ। ਤੂੰ ਆਪਣੀ ਕਾਰਵਾਈ ਕਰ। ਚੱਲ ਠਾਣੇ ਚੱਲੀਏ ਤੇ ਡਾਇਰੀ ਦੇਈਏ।

ਹੋਟਲ ਵਾਲੇ ਨੂੰ ਸਾਰੇ ਜਣੇ ਨਾਲ ਲੈਕੇ ਠਾਣੇ ਚਲੇ ਗਏ।

× × ×

ਠਾਣੇ ਦੇ ਬਾਹਰ ਜਾਕੇ ਟਰੱਕ ਰੁਕਿਆ, ਡਰਾਈਵਰ ਛਾਲਾਂ ਮਾਰਕੇ ਹੇਠਾਂ ਉਤਰੇ। ਹੋਟਲ ਮਾਲਕ, ਠਾਣੇ ਆਉਂਦਾ ਜਾਂਦਾ ਸੀ, ਤੇ ਦਲਾਲ ਕਿਸਮ ਦਾ



Academy of the Punjab in North America: http://www.apnaorg.com

ਆਦਮੀ ਸੀ। ਉਸ ਨੇ ਕਿਹਾ—'ਅੰਦਰ, ਪੰਜ ਸੱਤ ਜਣੇ ਆਓ, ਬਾਹਲੀ ਭੀੜ ਦੇਖ ਕੇ ਅਫਸਰ ਨੇ ਭੂਤਰ ਜਾਣੈ।'

ਬਾਸ਼ਾ ਬੜਾ ਹੀ ਖਿੱਝਿਆ ਹੋਇਆ ਤੇ ਮਾਯੂਸ ਸੀ।......ਠਾਣੇ ਅੰਦਰ ਜਾਣ ਨੂੰ ਉਸ ਦਾ ਜੀਅ ਨਹੀਂ ਸੀ ਕਰਦਾ। ਉਹ ਇਕ ਪਾਸੇ ਗੋਡਿਆਂ ਵਿਚ ਸਿਰ ਦੇ ਕੇ ਬੈਠ ਗਿਆ।

ਸਾਰਿਆਂ ਨੂੰ ਅੰਦਰ ਜਾਕੇ ਪਤਾ ਲੱਗਿਆ, ਬਾਸ਼ਾ ਤਾਂ ਆਇਆ ਨਹੀਂ ਰੀਪੋਰਟ ਤਾਂ ਉਸ ਨੂੰ ਹੀ ਕਰਨੀ ਪੈਣੀ ਸੀ।

ਠਾਣੇਦਾਰ ਵੀ ਨਹੀਂ ਸੀ, ਉਹ ਬਸਤੀ ਵਿਚ ਇਕ ਕਤਲ ਕੇਸ ਦੀ ਤਫਤੀਸ਼ ਕਰਨ ਗਿਆ ਹੋਇਆ ਸੀ।

ਬਾਸ਼ਾ ਦੁੱਖੀ ਹੋਇਆ, ਇਕ ਹੋਰ ਡਰਾਈਵਰ ਨੂੰ ਦੱਸਣ ਲੱਗਾ—'ਕਦੇ ਸਾਲੀ ਰਾਡ ਟੱਚ ਨਹੀਂ ਸੀ ਹੋਈ। ਪਰ ਹੁਣ ਪਤਾ ਨੀ ਕੀ ਹੋ ਗਿਆ, ਕਦੇ ਚਲਾਨ, ਕਦੇ ਐਕਸੀਡੈਂਟ ਕਦੇ ਟਾਇਰ ਪੰਚਰ।...ਜਦੋਂ ਦਾ ਗੁਰਦੇਵ ਪਿੰਡੋਂ ਨਾਲ ਆਇਆ ਹੈ, ਏਹੋ ਜੀਆਂ ਅਣਹੋਣੀਆਂ ਈ ਵਾਪਰੀ ਜਾਂਦੀਐਂ।......ਪਤਾ ਨੀ ਉਹਦਾ ਪੈਰ ਈ ਨਹਿਸ਼ ਐ। ਪਰ ਹੁਣ ਤਾਂ ਉਹ ਸਾਡੇ ਨਾਲ ਨਹੀਂ ਸੀ?......ਪਿੰਡ ਜਾਣਾ ਸੀ...ਬੇਬੇ ਦੇ ਸੱਟ ਵੱਜੀ ਐ। ਦੱਸ ਹੁਣ ਐਂ ਕਿਵੇਂ ਜਾਵਾਂ......?'

ਏਨੇ ਵਿਚ ਹੀ ਥਾਣੇਦਾਰ ਪਾਂਡੇ ਆ ਗਿਆ। ਸਰਦਾਰਾਂ ਅਤੇ ਡਰਾਈਵਰਾਂ ਦੀ ਭੀੜ ਵੇਖ ਕੇ ਖੁਸ਼ ਹੋ ਗਿਆ।

—ਅਰੇ ਕਾ ਹੂਆ ਬਈ, ਫਿਰ ਐਕਸੀਡੈਂਟ—? ਤੁਮ ਡਰਾਈਵਰ ਲੋਗ ਭੀ ਸਾਲਾ ਖ਼ੂਬ ਦਾਰੂ ਪੀਕੇ ਗਾੜ੍ਹੀ ਚਲਾਤਾ ਹੈ। ਫਿਰ ਹਮ ਲੋਗ ਕਾ ਪਾਸ ਆਕੇ ਪੁਲੀਸ ਰੀਪੋਰਟ ਮਾਂਗਤਾ ਹੈ। ਇਨਸ਼ੋਰੈਂਸ ਕਲੇਮ ਕਰਤਾ ਹੈ। ਹਮ ਸਾਲਾ ਇਧਰ ਬੈਠਾ ਹੈ ਕਲਾਮ ਘਸਾਈ ਕਾ ਵਾਸਤੇ। ਅਰੇ ਹਮ ਲੋਗ ਕਾ ਭੀ ਬਾਲ ਬੱਚਾ ਹੈ। ਹਮ ਲੋਗ ਕਾ ਭੀ ਪੇਟ ਹੈ......ਕਬੀ ਸੋਚਾ ਹੈ?' ਪਾਂਡੇ ਰੋਹਬ ਨਾਲ ਅੰਦਰ ਚਲਿਆ ਗਿਆ।

ਮਗਰੂ ਹੀ ਭੀੜ ਅੰਦਰ ਗਈ। ਕੁਝ ਡਰਾਈਵਰ ਤੇ ਹੋਟਲ ਵਾਲਾ ਅਗਾਂਹ ਹੋਏ......'ਐਕਸੀਡੈਂਟ ਨਹੀਂ ਹੂਆ ਜਨਾਬ।'

—ਤੋ ਫਿਰ ਆਪਸ ਮੇਂ ਝਗੜਾ ਕਰਕੇ ਆਇਆ? ਏਹ ਪੰਜਾਬ ਨਹੀਂ ਹੈ,

Academy of the Punjab in North America: http://www.apnaorg.com

ਦੇਨੇਂ ਪਾਰਟੀ ਕੋ ਅੰਦਰ ਕਰ ਦੂੰਗਾ। ਤੁਮ ਲੋਗੋਂ ਨੇ ਯਹਾਂ ਆਕਰ ਭੀ ਦੰਗਾ ਫਸਾਦ ਕਰਨਾ ਨਹੀਂ ਛੋੜਾ ?'......ਪਾਂਡੇ ਗਰਜਿਆ।

—ਨਹੀਂ ਸਾਹਬ।' ਬਾਸ਼ਾ ਅਗਾਂਹ ਹੋਇਆ—'ਇਸ ਕਾ ਹੋਟਲ ਸੇ ਮੇਰਾ ਟਰੱਕ ਚੋਰੀ ਹੋ ਗਿਆ।' ਉਸ ਨੇ ਹੋਟਲ ਦੇ ਮਾਲਕ ਵਲ ਇਸ਼ਾਰਾ ਕੀਤਾ।

—ਯੇਹ ਬਦਮਾਸ਼ੀ ਭੀ ਮੈਂ ਜਾਨਤਾ ਹੂੰ। ਤੁਮ ਸਾਲਾ ਲੋਗ ਮਿਲ ਜਾਤਾ ਹੈ, ਚੋਰੋਂ ਡਾਕੂਓਂ ਕੇ ਸਾਥ। ਪਹਿਲੇ ਗਾੜੀ ਭਗਾ ਦੀਆ, ਇਧਰ ਥਾਨਾ ਮੇਂ ਰੀਪੋਰਟ ਕਰ ਦੀਆ। ਉਧਰ ਬੀਮਾ ਕੰਪਨੀ ਸੇ ਬੀਮਾ ਲੀਆ, ਔਰ ਫਿਰ ਮਾਲ ਆਧਾ ਆਧਾ... ਏਹੀ ਨਾ—?'

—ਨਹੀਂ ਸਾਹਬ, ਮੈਂ ਰਾਤ ਸੁੱਤਾ ਹੋਇਆ ਸੀ'......ਬਾਸ਼ਾ ਹੱਥ ਜੋੜ ਕੇ ਕਹਿਣ ਲੱਗਾ।

—ਤੁਮ ਸਾਲਾ ਸ਼ਰਾਬ ਕਾ ਗੈਲਨ ਪੀ ਕੇ ਸੋ ਜਾਤਾ ਹੈ। ਗਾੜੀ ਚੋਰੀ ਨਹੀਂ ਹੋਗਾ ਤੋ ਕਿਆ ਹੋਗਾ ? ਅਰੇ ਕੋਈ ਤੁਮ ਕੋ ਉਠਾ ਕੇ ਲੇ ਜਾਏ ਤੋ ਸੁਬਾਹ ਮਾਲੂਮ ਹੋਗਾ......ਕਹਾਂ ਆ ਗੀਆ—ਠੀਕ ਬੋਲਾ ਹਮ—?'

—ਠੀਕ ਬੋਲਾ ਜੀ...।' ਤਿੰਨ ਚਾਰ ਡਰਾਈਵਰ ਇਕ ਸਾਥ ਹੀ ਬੋਲੇ।

—ਰੀਪੋਰਟ ਕਰਕੇ, ਬੀਮਾ ਕੰਪਨੀ ਕੇ ਪਾਸ ਜਾਏਗਾ ?' ਠਾਣੇਦਾਰ ਨੇ ਪੁੱਛਿਆ।

—ਜਾਏਗਾ।'

—ਵਹਾਂ ਸੇ ਗਾੜੀ ਕਾ ਦਾਮ ਕਲੇਮ ਕਰੇਗਾ...?'

—ਜੀ ਕਰੇਗਾ।'

—ਹਮ ਕੋ ਕਿਆ ਮਿਲੇਗਾ, ਬੈਂਗਨ...?'

ਸਾਰੇ ਚੁੱਪ ਚਾਪ ਖੜੇ ਇੰਸਪੈਕਟਰ ਵਲ ਦੇਖਣ ਲੱਗੇ।

ਸੁਨੋਂ, ਡਾਇਰੀ ਲਿਖਨੇ ਕਾ, ਔਰ ਡਾਇਰੀ ਨੰਬਰ ਦੇਨੇ ਕਾ ਏਕ ਹਜ਼ਾਰ ਰੁਪਿਆ ਲਗੇਗਾ,......ਬੋਲੋ......?'

—ਇਕ ਹਜ਼ਾਰ......?' ਕਈਆਂ ਦੇ ਮੂੰਹੋਂ ਅਚਾਨਕ ਨਿਕਲਿਆ।

—ਜ਼ਿਆਦਾ ਹੈ...?' ਠਾਣੇਦਾਰ ਹੈਰਾਨ ਹੋਇਆ......'ਅਰੇ ਤੁਮ ਲੋਗ ਲਾਖੋਂ ਰੁਪਿਆ ਕਲੇਮ ਕਰੇਗਾ। ਹਮ ਸਾਲਾ ਇਧਰ ਟੇਬਲ ਕਾ ਧੂਲ ਸਾਫ ਕਰਨੇ ਕੇ ਵਾਸਤੇ ਬੈਠਾ ਹੈ...? ਮਹਿਕਮੇ ਨੇ ਯੇਹ ਵਰਦੀ ਦੀਆ ਹੈ......ਯਹ ਸਟਾ

Academy of the Punjab in North America: http://www.apnaorg.com

ਦੀਏ ਹੈਂ ਕਿਸ ਲੀਏ...?...ਤੁਮ ਲੋਗੋਂ ਕੀ ਸੇਵਾ ਕੇ ਲੀਏ...ਤੋ ਕੀਜੀਏ ਸੇਵਾ...।' ਠਾਣੇਦਾਰ ਸਭਨਾਂ ਦਾ ਮੂੰਹ ਤੱਕਣ ਲੱਗਾ।

—ਅਰੇ ਕਿਆ ਸੋਚਤਾ ਹੈ?...ਮੁਨਸ਼ੀ ਕਾ ਹਿੱਸਾ, ਛੋਟਾ ਥਾਨੇਦਾਰ ਕਾ ਹਿੱਸਾ। ਜਬ ਉਪਰ ਸੇ ਹੁਕਮ ਆਤਾ ਹੈ ਸਾਹਬ ਲੋਗੋਂ ਕਾ...ਏਕ ਕਾਰ ਭੇਜ ਦੋ ਫੈਮਿਲੀ ਘੂੰਮਨੇ ਜਾਏਗਾ। ਤੋ ਕਹਾਂ ਸੇ ਭੇਜੇਂ? ਅਪਨੀ ਤਨਖਾਹ ਸੇ...?'

ਸਾਰੇ ਨੀਵੀਆਂ ਪਾ ਗਏ।

—ਮਿਸਟਰ ਸਿੰਘ ਜਲਦੀ ਕਰੋ, ਮੈਂ ਫਿਰ ਚਲਾ ਗਿਆ ਤੇ ਸ਼ਾਮ ਕੋ ਆਊਂਗਾ।' ਪਾਂਡੇ ਨੇ ਪੁਲੀਸ ਵਾਲਾ ਦਾਅ ਮਾਰਿਆ।

ਹੋਟਲ ਵਾਲੇ ਦੇ ਇਸ਼ਾਰੇ ਨਾਲ ਸਾਰੇ ਬਾਹਰ ਨਿਕਲ ਗਏ। ਉਹ ਇਕੱਲਾ ਠਾਣੇਦਾਰ ਕੋਲ ਰਹਿ ਗਿਆ।

ਕੁਝ ਦੇਰ ਉਸ ਨਾਲ ਗਿੱਟ ਮਿੱਟ ਕਰਦਾ ਰਿਹਾ। ਫਿਰ ਬਾਹਰ ਆਕੇ ਬੋਲਿਆ।

—ਛੇ ਸੌ ਤੋਂ ਨੀ ਘਟਦਾ। ਰੀਪੋਰਟ ਕਰਾਉਣੀ ਬਹੁਤ ਜ਼ਰੂਰੀ ਹੈ, ਨਹੀਂ ਕਲੇਮ ਨਹੀਂ ਹੋਣਾ।'

ਬਾਸ਼ੇ ਨੇ ਉਸ ਨੂੰ ਛੇ ਸੌ ਫੜਾ ਦਿੱਤਾ।

ਹੋਟਲ ਦੇ ਮਾਲਕ ਨੇ ਅੰਦਰ ਜਾ ਕੇ ਸੌ ਆਪਣੀ ਜੇਬ ਵਿਚ ਪਾ ਲਿਆ। ਪੰਜ ਸੌ ਇੰਸਪੈਕਟਰ ਨੂੰ ਦੇ ਦਿੱਤਾ।

—ਮੁਨਸ਼ੀ ਤੇ ਪਹਿਰੇ ਤੇ ਖੜੇ ਸਿਪਾਹੀ ਕੋ ਭੀ ਖੁਸ਼ ਕਰ ਦੇਨਾ?' ਥਾਣੇਦਾਰ ਨੇ ਰੁਪਏ ਜੇਬ ਵਿਚ ਰਖਦਿਆਂ ਕਿਹਾ।

—ਨਹੀਂ, ਹੋਰ ਕਿਸੇ ਨੂੰ ਧੇਲਾ ਨੀ ਦੇਣਾ। ਡਾਇਰੀ ਲਿਖੋ—ਤੇ ਰੀਪੋਰਟ ਦਿਉ।'

ਹੋਟਲ ਵਾਲਾ ਵੀ ਲਕੀਰ ਖਿੱਚ ਗਿਆ।

ਫਿਰ ਬਾਸ਼ੇ ਨੂੰ ਅੰਦਰ ਸੱਦ ਕੇ ਉਹਨਾਂ ਮੁਨਸ਼ੀ ਨੂੰ ਰੀਪੋਰਟ ਲਿਖਵਾਈ। ਡਾਇਰੀ ਨੰਬਰ ਲਿਆ ਤੇ ਫਿਰ ਸਾਰੇ ਹੋਟਲ ਤੇ ਆ ਗਏ।

ਫਿਰ ਬਾਸ਼ੇ ਨੇ ਇਕ ਪੈਟਰੋਲ ਪੰਪ ਤੋਂ ਕਲਕੱਤੇ ਟਰਾਂਸਪੋਰਟ ਤੇ ਫੋਨ ਕੀਤਾ ਤੇ ਗੱਡੀ ਦੇ ਚੋਰੀ ਹੋਣ ਬਾਰੇ ਦੱਸਿਆ।

Academy of the Punjab in North America: http://www.apnaorg.com

—ਤੂੰ ਕਲਕੱਤੇ ਟਰਾਂਸਪੋਰਟ ਤੇ ਨਾ ਜਾਈਂ ।' ਇਕ ਡਰਾਈਵਰ ਨੇ ਬਾਸ਼ ਨੂੰ ਸਲਾਹ ਦਿੱਤੀ ।

—ਕਿਉਂ ?' ਉਹ ਹੈਰਾਨ ਹੋਇਆ ।

ਮਾਲਕ ਨੇ ਤੈਨੂੰ ਬੰਦ ਕਰਾ ਦੇਣੈ ।'

—ਮੈਨੂੰ ?'

—ਹਾਂਅ, ਉਹ ਬੜਾ ਕੁੱਤਾ ਬੰਦਾ ਐ । ਵਿਸ਼ਵਾਸ਼ ਤਾਂ ਕਿਸੇ ਤੇ ਕਰਦਾ ਈ ਨੀ । ਉਹਨੇ ਸੋਚਣੈ, ਤੂੰ ਗੱਡੀ ਭਜਾਉਣ ਵਾਲਿਆਂ ਨਾਲ ਮਿਲਿਆ ਹੋਵੇਂਗਾ ।'

—ਫੇਰ...?' ਬਾਸ਼ਾ ਸ਼ਸ਼ੋਪੰਜ ਵਿਚ ਪੈ ਗਿਆ ।

—ਐਥੋਂ ਈ ਪਿੰਡ ਨੂੰ ਚੜ੍ਹ ਜਾ । ਆਪਣੀ ਮਾਂ ਦੀ ਖੈਰ ਸੁੱਖ ਦਾ ਪਤਾ ਲੈ, ਫੇਰ ਵੇਖੀ ਜਾਊ ।'

—ਪਿੰਡ ਦਾ ਪਤਾ ਉਹ ਭੁਲਿਐ । ਓਥੇ ਵੀ ਪੁਲਸ ਭੇਜੂ ।'

—ਫੇਰ ਕਿਤੇ ਐਧਰੇ ਈ ਆਸੇ ਪਾਸੇ ਹੋ ਜਾ । ਜੇ ਤੈਨੂੰ ਠਾਣੇ ਬੰਦ ਕਰਾ ਦਿਤਾ, ਏਹਦੀ ਕੀ ਪੂਛ ਫੜ ਲੇਂਗਾ । ਜਿੰਨਾ ਚਿਰ ਗੱਡੀ ਨਾ ਲੱਭੀ, ਤੇਰੀ ਜ਼ਮਾਨਤ ਨੀ ਹੋਣੀ ।'

ਬਾਸ਼ਾ ਡਰ ਗਿਆ । ਉਸਨੇ ਡਾਇਰੀ ਨੰਬਰ ਇਕ ਹੋਰ ਡਰਾਈਵਰ ਹੱਥ ਟਰਾਂਸਪੋਰਟ ਤੇ ਭਿਜਵਾ ਦਿਤਾ ਤੇ ਆਪ ਉਸ ਹੋਟਲ ਦੇ ਅੰਦਰ ਜਾਕੇ ਮੰਜੇ ਤੇ ਪੈ ਗਿਆ ।

× × ×

ਚੰਦਾ ਸਿੰਘ ਕੋਲ ਖ਼ਬਰ ਪਹੁੰਚੀ ਤਾਂ ਉਹ ਟਰਾਂਸਪੋਰਟ ਤੇ ਭੱਜਿਆ ਆਇਆ । ਬਾਸ਼ਾ ਭਾਵੇਂ ਸਾਹਮਣੇ ਨਹੀਂ ਸੀ, ਪਰ ਉਸ ਨੂੰ ਬੁਰਾ ਭਲਾ ਕਹਿਕੇ ਆਪਣਾ ਅਫਰੇਵਾਂ ਕੱਢਿਆ । ਫਿਰ ਗਰਮੀ 'ਚ ਹੀ ਜਾਕੇ ਉਸ ਉਪਰ ਪਰਚਾ ਦੇ ਆਇਆ ਤੇ ਲਿਖਵਾ ਆਇਆ, ਗੱਡੀ ਬਾਸ਼ੇ ਨੇ ਹੀ ਚੋਰੀ ਕੀਤੀ ਹੈ ।

ਇਹ ਗੱਲ ਬਾਸ਼ੇ ਕੋਲ ਵੀ ਪਹੁੰਚ ਗਈ ।

ਉਥੇ ਟਰਾਂਸਪੋਰਟ ਤੋਂ ਮਾਹਲਾ ਅਮਲੀ ਗੱਡੀ ਲੋਡ੍ਹ ਕਰਕੇ ਆਇਆ ਸੀ. ਉਦੋਂ ਚੰਦਾ ਸਿੰਘ ਬੜਾ ਉੱਚਾ-ਨੀਵਾਂ ਬੋਲ ਰਿਹਾ ਸੀ ।

Academy of the Punjab in North America: http://www.apnaorg.com

ਕੁਦਰਤੀ ਮਾਹਲਾ ਇਸ ਹੋਟਲ ਤੇ ਰੁਕਿਆ। ਪਤਾ ਲੱਗਾ, ਬਾਸ਼ਾ ਅੰਦਰ ਹੈ। ਉਸਨੇ ਉਸ ਨੂੰ ਸਾਰੀਆਂ ਗੱਲਾਂ ਦੱਸ ਦਿਤੀਆਂ।

—ਚੰਗਾ ਹੋਇਆ, ਤੂੰ ਕਲਕੱਤੇ ਨਹੀਂ ਗਿਆ, ਬੰਦ ਹੋ ਜਾਣਾ ਸੀ ਤੂੰ, ਸਾਨੂੰ ਤਾ ਪਤਾ ਲੱਗਿਐ, ਉਹਨੇ ਉਰੇ ਪਿੰਡ ਵੀ ਸੱਮਣ ਭੇਜੇ ਐ।'

—ਹੁਣ ਕੀ ਕਰਾਂ ਮੈਂ...?' ਬਾਸ਼ੇ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ।

—ਕਰਨਾ ਕੀ ਐ। ਐਥੇ ਬੈਠਾ ਰਹਿ, ਗੱਡੀ ਤਾਂ ਅਗਲਿਆਂ ਨੇ ਬਾਡਰ ਪਾਰ ਕਰਾਤੀ ਹੋਊ ? ਜਦੋਂ ਗੱਲ ਠੰਢੀ ਪੈ ਗਈ...ਫੇਰ ਤਾਂ ਭਾਵੇਂ ਆਪ ਪੇਸ਼ ਹੋ ਜਾਈਂ।'

ਮਾਹਲਾ ਅਮਲੀ ਚਾਹ ਪੀਕੇ ਆਪਣੀ ਗੱਡੀ ਲੈ ਕੇ ਚਲਿਆ ਗਿਆ।

ਬਾਸ਼ਾ ਅੰਦਰ ਜਾਕੇ ਫਿਰ ਸੋਚੀਂ ਪੈ ਗਿਆ।...ਹੁਣ ਪਿੰਡ ਵੀ ਨੀ ਜਾ ਸਕਦਾ, ਬੇਬੇ ਦਾ ਪਤਾ ਨੀ ਕੀ ਹਾਲ ਹੋਊ ? ਜੀਤੂ ਹਸਪਤਾਲ 'ਚ ਐ। ਗੁਰਦੇਵ ਉਂ ਨਵਾਂ ਐਂ।......ਸਾਰਾ ਢਾਂਚਾ ਈ ਖ਼ਰਾਬ ਹੋ ਗਿਆ।......ਐਂ ਤਾਂ ਕਦੇ ਨੀ ਸੀ ਹੋਇਆ ? ਜੀਤੂ ਦਾ ਪਤਾ ਕਿਵੇਂ ਮੰਗਾਵਾਂ ?......ਉਹ ਇਕ ਟੱਕ ਹੋਟਲ ਦੀ ਛੱਤ ਨੂੰ ਘੂਰਨ ਲੱਗਾ।......

× × ×

ਉਧਰ ਜੀਤੂ ਨੂੰ ਹਸਪਤਾਲੋਂ ਛੁੱਟੀ ਦੇ ਦਿੱਤੀ ਗਈ ਸੀ। ਅਪੈਂਡਿਕਸ ਦਾ ਹੀ ਦਰਦ ਸੀ। ਡਾਕਟਰ ਨੇ ਟੀਕੇ ਲਾਕੇ ਤੇ ਗੋਲੀਆਂ ਦੇਕੇ ਟਿਕਾ ਲਿਆ, ਪਰ ਉਸਨੂੰ ਖਬਰਦਾਰ ਕੀਤਾ,......ਜਦੋਂ ਹੁਣ ਦਰਦ ਉਠਿਆ, ਅਪਰੇਸ਼ਨ ਕਰਾਉਣਾ ਜ਼ਰੂਰੀ ਹੈ। ਇਸ ਦਾ ਹੋਰ ਕੋਈ ਇਲਾਜ ਨਹੀਂ......। ਅਪਰੇਸ਼ਨ ਨਾ ਹੋਇਆ ਤਾਂ ਜਾਨ ਦਾ ਵੀ ਖ਼ਤਰਾ ਹੈ।

ਗੁਰਦੇਵ ਤੇ ਉਹ ਫਿਰ ਉਸੇ ਹੋਟਲ ਤੇ ਆ ਗਏ, ਤੇ ਕਲਕੱਤੇ ਵੱਲ ਜਾਣ ਵਾਲੀ ਕੋਈ ਗੱਡੀ ਉਡੀਕਣ ਲੱਗੇ।......

ਦੋ ਕੁ ਘੰਟਿਆਂ ਬਾਅਦ ਜੀਤੂ ਦੀ ਜਾਣ ਪਛਾਣ ਵਾਲੀ ਇਕ ਗੱਡੀ, ਆ ਗਈ। ਉਹ ਜੀਤੂ ਨੂੰ ਵੇਖ ਕੇ ਹੈਰਾਨ ਹੋਇਆ ਤੇ ਪੁੱਛਿਆ—'ਤੇਰੀ ਗੱਡੀ ?'

—ਜੀਤੂ ਨੇ ਆਪਣੇ ਦਰਦ ਬਾਰੇ ਦੱਸਿਆ।

—ਗੁਹਾਟੀ ਟਰਾਂਸਪੋਰਟ ਤੇ ਫ਼ੋਨ ਆਇਐ, ਗੱਡੀ ਚੋਰੀ ਹੋਗੀ ਬਾਸ਼ੇ ਆਲੀ......।' ਡਰਾਈਵਰ ਨੇ ਜੀਤੂ ਨੂੰ ਦੱਸਿਆ।

Academy of the Punjab in North America: http://www.apnaorg.com

—'ਹੈਂ'ਅ ! .....ਕੱਲ ਰਾਤ ਤਾਂ ਇਥੋਂ ਗਿਐ ।' ਜੀਤੂ ਦਾ ਮੂੰਹ ਖੁੱਲ੍ਹਾ ਰਹਿ ਗਿਆ ।

—ਪਤਾ ਨੀ ਮੈਨੂੰ ਤਾਂ, ਟਰਾਂਸਪੋਰਟ ਤੇ ਗੱਲਾਂ ਕਰਦੇ ਸੀ ?'

—ਚੱਲ ਭਰਾਵਾ ਫੇਰ ਤਾਂ ਛੇਤੀ ਚੱਲ ਕਲਕੱਤੇ ਨੂੰ, ਬਾਸ਼ੇ ਦਾ ਪਤਾ ਨੀ ਕੀ ਹਾਲ ਹੋਊ ? ਉਹਨੇ ਤਾਂ ਪਿੰਡ ਨੂੰ ਜਾਣਾ ਸੀ ।' ਗੁਰਦੇਵ ਨੂੰ ਵੀ ਫ਼ਿਕਰ ਪਿਆ। ਚਾਹ ਪੀਕੇ ਉਹ ਤੁਰ ਪਏ ।

ਗੱਡੀ ਪੂਰੀ ਰਫਤਾਰ ਨਾਲ ਜਾ ਰਹੀ ਸੀ। ਜੀਤੂ ਕਾ-ਅੱਖ ਨਾਲ ਆਸੇ ਪਾਸੇ ਵੇਖ ਰਿਹਾ ਸੀ। ਹਰ ਆਉਂਦੀ ਗੱਡੀ ਨੂੰ ਤਾੜ ਰਿਹਾ ਸੀ ।

ਸਿਲੀਗੁੜੀ ਪਾਰ ਕਰਦਿਆਂ, ਜੀਤੂ ਅਚਾਨਕ ਚੀਕਿਆ...'ਬਾਈ ਗੱਡੀ ਰੋਕੀਂ......।'

—ਕੀ ਗੱਲ ਹੋਗੀ...?' ਡਰਾਈਵਰ ਡਰ ਗਿਆ।

—ਲਗਦੈ, ਆਪਣੀ ਗੱਡੀ ਖੜੀ ਐ ।'

ਡਰਾਈਵਰ ਨੇ ਗੱਡੀ ਰੋਕ ਲਈ। ਜੀਤੂ ਛਾਲ ਮਾਰ ਕੇ ਉਤਰਿਆ ਤੇ ਇਕ ਪਾਸੇ ਖੜ੍ਹੀ ਸੁੰਨੀ ਗੱਡੀ ਵੱਲ ਭੱਜਿਆ ।

ਉਹੀ ਗੱਡੀ ਸੀ। ਉਹੀ ਨੰਬਰ। ਉਵੇਂ ਦੀ ਉਵੇਂ ਲੋਡ ਖੜ੍ਹੀ ਸੀ। ਕੋਲ ਹੀ ਇਕ ਪਰਾਈਵੇਟ ਕਾਰ ਐਕਸੀਡੈਂਟ ਹੋਈ ਪਈ ਸੀ । ਜਾਪਦਾ ਸੀ, ਐਕਸੀਡੈਂਟ ਹੋਣ ਪਿਛੋਂ ਡਰਾਈਵਰ ਗੱਡੀ ਛੱਡ ਕੇ ਭੱਜ ਗਿਆ ਸੀ ।

ਜੀਤੂ ਕਾਹਲੀ ਨਾਲ ਭੱਜਕੇ ਫੇਰ ਗੱਡੀ ਕੋਲ ਆਇਆ ਤੇ ਆਕੇ ਡਰਾਈਵਰ ਨੂੰ ਦੱਸਿਆ—'ਆਪਣੀ ਗੱਡੀ ਖੜੀ ਐ...।'

ਸਾਰੇ ਉੱਤਰਕੇ ਗੱਡੀ ਕੋਲ ਗਏ । ਏਨੇ ਨੂੰ ਇਕ ਪਾਸਿਉਂ ਸਿਪਾਹੀ ਨਿਕਲ ਆਇਆ ।

—ਅਰੇ ਕਿਆ ਹੂਆ, ਆ ਗੀਆ ਮਾਲਕ...?'

Academy of the Punjab in North America: http://www.apnaorg.com

—ਨਹੀਂ ਸਾਹਬ, ਹਮਾਰਾ ਗਾੜੀ ਹੈ, ਕੱਲ ਚੋਰੀ ਹੋ ਗਿਆ ਥਾ, ਕੋਈ ਲੁਟੇਰਾ ਡਰਾਈਵਰ ਲੇ ਗਿਆ ਥਾ।'......

—ਥਾਨਾ ਮੇ ਜਾਓ—ਪੁਲੀਸ ਕੇਸ ਐ। ਕਾਰ ਮੇਂ ਐਕਸੀਡੇਂਟ ਕੀਆ ਹੈ।'

—ਗੁਰਦੇਵ ਬਾਈ ਤੂੰ ਏਹਨਾਂ ਨਾਲ ਜਾਕੇ ਟਰਾਂਸਪੋਰਟ ਤੇ ਦੱਸ ਗੱਡੀ ਮਿਲ ਗਈ ਹੈ। ਮੈਂ ਥਾਣੇ ਜਾਕੇ, ਏਥੇ ਗੱਡੀ ਕੋਲ ਹੀ ਰਹੂੰਗਾ।'......

ਗੁਰਦੇਵ ਉਹਨਾਂ ਨਾਲ ਕਲਕੱਤੇ ਵੱਲ ਤੁਰ ਪਿਆ ਤੇ ਜੀਤੂ ਥਾਣੇ ਵੱਲ।

—o—

Academy of the Punjab in North America: http://www.apnaorg.com

## (ਗਿਆਰਾਂ)

ਜਿਥੇ ਜਿਥੇ ਬਾਸ਼ੇ ਦੇ ਅੱਡਿਆਂ ਦਾ ਚੰਦਾ ਸਿੰਘ ਨੂੰ ਪਤਾ ਸੀ, ਉਥੇ ਉਥੇ ਪੁਲੀਸ ਗਈ। ਮੀਤੋ ਦੇ ਘਰ ਵੀ ਛਾਪਾ ਪਿਆ। ਉਹ ਬੜੀ ਹੈਰਾਨ ਹੋਈ ਦੁੱਖੀ ਵੀ ਹੋਈ। ਜੀ. ਟੀ. ਰੋਡ ਦੇ ਹੋਟਲਾਂ ਤੇ ਵੀ ਉਸਦੀ ਖੋਜ ਕੀਤੀ ਗਈ। ਬਾਸ਼ਾ ਨਹੀਂ ਮਿਲਿਆ।

ਟਰਾਂਸਪੋਰਟ ਤੋਂ, ਗੁਹਾਟੀ, ਉੜੀਸਾ ਤੇ ਪੰਜਾਬ ਜਾਣ ਵਾਲੀਆਂ ਗੱਡੀਆਂ ਨੂੰ ਰਸਤਿਆਂ ਦਾ ਖਿਆਲ ਰੱਖਣ ਲਈ ਕਿਹਾ ਗਿਆ। ਪੁਲੀਸ ਹੈਡ-ਕੁਆਟਰ ਤੋਂ ਚਾਰੇ ਪਾਸੀਂ ਵਾਇਰਲੈਸ ਕਰਵਾਈ। ਚੈੱਕ ਪੋਸਟਾਂ ਨੂੰ ਟਰੱਕ ਦਾ ਨੰਬਰ ਤੇ ਚਿਹਨ-ਚੱਕਰ ਦੱਸੇ ਗਏ।

ਬਾਸ਼ੇ ਨੂੰ ਮਣ ਮਣ ਪੱਕੇ ਦੀਆਂ ਗਾਹਲਾਂ ਕੱਢਦਾ ਚੰਦਾ ਸਿੰਘ ਥੱਕ ਹਾਰ ਕੇ ਬਹਿ ਗਿਆ...।

—ਤਿੰਨ ਲੱਖ ਦੀ ਗੱਡੀ। ਮਾਲ ਦਾ ਕਲੇਮ, ਬੀਮੇ ਵਾਲਿਆਂ ਨੇ ਤਾਂ ਅੱਧ ਪਚੱਧ ਵੀ ਪੱਲੇ ਨੀ ਪਾਉਣਾ, ਉਹ ਵੀ ਅਫ਼ਸਰਾਂ ਦੇ ਪਿਛੇ ਸਾਲ ਭਰ ਜੁੱਤੀਆਂ ਤੁੜਾਕੇ ਲਿਆ ਵੀ ਤਾਂ ਉਦੋਂ ਨੂੰ ਤਾਂ ਜੁੱਲੀਆਂ ਵਿਕਣ ਆਲੀਆਂ ਹੋ ਜਾਣਗੀਆਂ। ...ਜੇ ਗੱਡੀ ਮਲਕ ਬਜ਼ਾਰ ਵਾਲੇ ਚੋਰ ਕੁਆੜੀਆਂ ਦੇ ਹੱਥ ਆ ਗੀ, ਉਹਨਾਂ ਨੇ ਤਾਂ ਘੰਟੇ 'ਚ ਪੁਰਜ਼ਾ ਪੁਰਜ਼ਾ ਖਲਾਰ ਤਾ ਹੋਊ......' ਇਹੀ ਕੁਝ ਸੋਚ ਰਿਹਾ ਹੈ, ਚੰਦਾ ਸਿੰਘ, ਟਰਾਂਸਪੋਰਟ ਦੇ ਬਾਹਰ ਇਕ ਥੜੀ ਤੇ ਬੈਠਾ ਹੈ, ਨੀਵੀਂ ਪਾਈ ਹੈ, ਝੂਰ ਰਿਹਾ ਹੈ।

× × ×

ਗੁਰਦੇਵ ਦੂਸਰੇ ਟਰੱਕ ਤੇ ਬੈਠਾ ਕਲਕੱਤੇ ਵੱਲ ਆ ਰਿਹਾ ਸੀ। ਇਕ ਨਾਕੇ ਤੇ ਉਹਨਾਂ ਨੂੰ ਪੁਲੀਸ ਨੇ ਰੋਕ ਲਿਆ।

—ਸਾਹਬ ਕੇ ਪਾਸ ਕਾਗਜ਼ ਲੇ ਕੇ ਜਾਓ।' ਸਿਪਾਹੀ ਨੇ ਪਰ੍ਹਾਂ ਜੀਪ ਵਿਚ ਬੈਠੇ ਅਫਸਰ ਵੱਲ ਇਸ਼ਾਰਾ ਕੀਤਾ।



Academy of the Punjab in North America: http://www.apnaorg.com

ਡਰਾਈਵਰ ਨੇ ਕਾਗਜ਼ ਕੱਢੇ। ਮਾਲ ਦੀ ਬਿਲਟੀ ਲਈ ਤੇ ਸਾਹਬ ਕੋਲ ਚਲਿਆ ਗਿਆ।

ਦੋ ਗੱਡੀਆਂ ਹੋਰ ਵੀ ਰੋਕੀਆਂ ਹੋਈਆਂ ਸਨ।

ਅਫਸਰ ਨੇ ਕਾਗਜ਼ ਪੱਤਰ ਚੈੱਕ ਕੀਤੇ, ਫਿਰ ਪੁੱਛਿਆ—'ਪਰਮਿਟ ਕਹਾਂ ਹੈ?'

—ਪਰਮਿਟ ਨਹੀਂ ਹੈ ਸਾਹਬ' ਡਰਾਈਵਰ ਨੇ ਹੌਸਲੇ ਨਾਲ ਕਿਹਾ।

—ਨਹੀਂ ਹੈ ਮਾਅਨੇ—?' ਅਫਸਰ ਹੈਰਾਨ ਹੋਇਆ।

—'ਆਪ ਕੋ ਦਿਖਾਨੇ ਵਾਲਾ ਨਹੀਂ ਹੈ।' ਡਰਾਈਵਰ ਗੁੱਝਾ ਜਿਹਾ ਝਾਕਿਆ।

—ਸਮਝਾ, ਹਮਾਰੇ ਸਿਪਾਹੀ ਸੇ ਬਾਤ ਕਰੋ।'

ਡਰਾਈਵਰ ਸਿਪਾਹੀ ਕੋਲ ਆ ਗਿਆ।

ਸਿਪਾਹੀ ਨੇ ਸਮਝਾਇਆ......'ਸੌ ਰੁਪਇਆ ਐਂਟਰੀ ਕਰਾਓ ਔਰ ਭਾਗੋ। ਅਫਸਰ ਬਹੁਤ ਬੜੀਆ ਹੈ, ਅਸਲੀ ਕਾਗਜ਼ ਪੱਤਰ ਵਾਲੋਂ ਕੋ ਤੋ ਪੂਰਾ ਰਗੜਾ ਮਾਰਤਾ ਹੈ। ਚਾਹਤਾ ਹੈ ਦੋ ਨੰਬਰ ਕਾ ਕਾਗਜ਼ ਬਨਾਓ। ਇਧਰ ਹਮ ਕੋ ਭੀ ਖੁਸ਼ ਰੱਖੋ—, ਆਪ ਭੀ ਖੁਸ਼ ਰਹੋ......।'

ਡਰਾਈਵਰ ਨੇ ਸੌ ਰੁਪਈਆ ਉਸ ਦੀ ਮੁਠ ਵਿਚ ਦਿੱਤਾ। ਅਫਸਰ ਤੋਂ ਕਾਗਜ਼ ਲਏ ਤੇ ਫਿਰ ਤੁਰ ਪਏ।

× × ×

ਟਰਾਂਸਪੋਰਟ ਤੇ ਆ ਕੇ ਗੁਰਦੇਵ ਨੇ ਦੱਸਿਆ, ਗੱਡੀ ਸਿਲੀਗੁੜੀ ਕੋਲ ਖੜ੍ਹੀ ਹੈ, ਮਾਲ ਠੀਕ ਹੈ,...ਇਕ ਕਾਰ ਨਾਲ ਐਕਸੀਡੈਂਟ ਹੋਈ ਐ। ਜੀਤੂ ਗੱਡੀ ਕੋਲ ਐ। ਮਾਲਕ ਨੂੰ ਜਾਣਾ ਪਊ।

ਚੰਦਾ ਸਿੰਘ ਟਰਾਂਸਪੋਰਟ ਤੇ ਆ ਗਿਆ। ਗੁਰਦੇਵ ਨੇ ਸਾਰੀ ਗੱਲ ਵਿਸਥਾਰ ਨਾਲ ਦੱਸੀ। ਜੀਤੂ ਦੇ ਦਰਦ ਹੋਣ ਤੋਂ ਲੈਕੇ, ਅਗਲੇ ਦਿਨ ਗੱਡੀ ਲੱਭਣ ਤੱਕ, ਫਿਰ ਉਸਨੇ ਬਾਸ਼ੇ ਬਾਰੇ ਪੁਛਿਆ।

—ਓਹ ਕੰਜਰ ਜ਼ਿਮੇਂਵਾਰ ਹੁੰਦਾ, ਏਹ ਗਲ ਹੀ ਕਿਉਂ ਵਾਪਰਦੀ......?' ਚੰਦਾ ਸਿੰਘ ਭੜਕਿਆ।...'ਉਹਦਾ ਥਹੁ ਪਤਾ ਨੀ ਕਿਥੇ ਐ।'

Academy of the Punjab in North America: http://www.apnaorg.com

—ਪਿੰਡ ਨਾ ਉਠ ਗਿਆ ਹੋਵੇ ? ਉਸ ਦੀ ਮਾਂ ਬੀਮਾਰ ਸੀ ।'...

—ਪਿੰਡ ਉਠ ਗਿਆ ਹੋਊ ਤਾਂ ਪੁਲਸ ਲੈ ਆਊ ।'

ਪੁਲਸ ?' ਜੀਤੂ ਹੈਰਾਨ ਹੋਇਆ ।

ਫਿਰ ਉਸ ਨੂੰ ਪਤਾ ਲੱਗਿਆ, ਚੰਦਾ ਸਿੰਘ ਨੇ ਉਸ ਤੇ ਪਰਚਾ ਕਟਾ-ਇਆ ਹੈ ।

ਗੱਡੀ ਲੱਭ ਜਾਣ ਦੀ ਖ਼ਬਰ ਬਾਸ਼ੇ ਕੋਲ ਵੀ ਪਹੁੰਚ ਗਈ ਸੀ । ਹੁਣ ਉਸ ਨੂੰ ਕੋਈ ਫ਼ਿਕਰ ਨਹੀਂ ਸੀ । ਉਹ ਸਿੱਧਾ ਟਰਾਂਸਪੋਰਟ ਵੱਲ ਆਇਆ । ਜਦੋਂ ਟਰਾਂਸ-ਪੋਰਟ ਦਾ ਮੈਨੇਜਰ, ਚੰਦਾ ਸਿੰਘ, ਗੁਰਦੇਵ ਸਿੰਘ ਤੇ ਦੋ ਹੋਰ ਮਾਲਕ ਸਿਲੀਗੁੜੀ ਜਾਣ ਦੀ ਤਿਆਰੀ ਵਿਚ ਸਨ, ਬਾਸ਼ਾ ਆ ਗਿਆ ।

—ਆ ਗਿਐਂ ਹੁਣ ?' ਚੰਦਾ ਸਿੰਘ ਨੇ ਮਨ 'ਚ ਹੀ ਉਸ ਨੂੰ ਗੰਦੀ ਗਾਲ੍ਹ ਕੱਢੀ ।

—ਆਉਣਾ ਈ ਸੀ ।'......

—ਦੋ ਦਿਨ ਕਿਥੇ ਰਿਹਾ...?'

—ਗੱਡੀ ਭਾਲਦਾ ਸੀ । ਹੋਰ ਮੈਂ ਨਾਨਕੀਂ ਤਾਂ ਨੀ ਉਠ ਗਿਆ ? ਤੂੰ ਤਾਂ ਚਾਅ ਲਾਹ ਲਿਆ, ਠਾਣੇ ਪਰਚਾ ਦੇਕੇ ਮੇਰੇ ਤੇ । ਹੁਣ ਬੰਦ ਕਰਾ ਦੇ ਮੈਨੂੰ ।'

—ਉਹ ਵੀ ਹੋ ਜੂ, ਬੰਦ ਕਰਾਉਣ ਨੂੰ ਤੂੰ ਕੋਈ ਸੁਲੇਮਾਨ ਨੀ ਬਈ ਪੁਲਸ ਨੂੰ ਲੱਭਣਾ ਨੀ ।—ਚੱਲ ਨਾਲ ਤੁਰ, ਪਹਿਲਾਂ ਗੱਡੀ ਲੈ ਕੇ ਆਈਏ ।'

—ਮੈਂ ਨੀ ਜਾਣਾ ! ਮੇਰਾ ਕਰਦੇ ਹਿਸਾਬ । ਤੈਨੂੰ ਮੈਂ ਕਹਿ ਕੇ ਗਿਆ ਸੀ, ਮੈਂ ਪਿੰਡ ਨੂੰ ਜਾਣੈ ।'

—ਕਿਉਂ ਲੜਦੇ ਐਂ ਬਾਸ਼ਿਆ । ਚੱਲ ਪਹਿਲਾਂ ਗੱਡੀ ਲਿਆਈਏ ਟਰਾਂਸ-ਪੋਰਟ ਤੇ ਫੇਰ ਹਿਸਾਬ ਕਰ ਲੀਂ...।' ਇਕ ਸਿਆਣੇ ਨੇ ਕਿਹਾ ।

—ਨਹੀਂ ਮੈਂ ਨਹੀਂ ਜਾਣਾ ਏਹਦੇ ਨਾਲ । ਦੋ ਸਾਲ ਹੋਗੇ ਗੱਡੀ ਚਲਾਉਂਦੇ ਨੂੰ, ਏਹਨੂੰ ਮੇਰੇ ਤੇ ਯਕੀਨ ਈ ਨੀ ਆਇਆ । ਮੇਰੇ ਤੇ ਈ ਸ਼ੱਕ ਕਰਦੈ । ਮਾਲਕ ਏਹੋ ਜੇ ਹੁੰਦੇ ਐ ? ਜੇ ਮੈਂ ਗੱਡੀ ਭਜਾਈ ਹੁੰਦੀ ਤੇ ਉਹ ਲੱਭ ਪੈਂਦੀ...ਮੇਰੇ ਮੂੰਹ ਤੇ ਥੁੱਕ ਦਿੰਦਾ ।'

—ਤੂੰ ਮੇਰੇ ਕੋਲ ਕਿਉਂ ਨਹੀਂ ਪਹੁੰਚਿਆ ਪਹਿਲਾਂ ?' ਚੰਦਾ ਸਿੰਘ ਕੁਝ ਢੈਲਾ ਹੋ ਗਿਆ ।

Academy of the Punjab in North America: http://www.apnaorg.com

—ਮੇਰੇ ਹੱਥ ਘੜੀਆਂ ਲੁਆਉਣੀਆਂ ਸੀ ?'

—ਚੰਦਾ ਸਿੰਘ ਚੱਲ ਠਾਣਿਓਂ ਪਰਚਾ ਵਾਪਸ ਲੈ ਪਹਿਲਾਂ। ਤੇ ਬਾਸ਼ਿਆ ਤੂੰ ਵੀ ਨਾਲ ਚੱਲ। ਗੱਡੀ ਏਥੇ ਲੈ ਆਵਾਂਗੇ, ਫੇਰ ਜਿਥੇ ਮਰਜ਼ੀ ਜਾਈਂ ?'

ਸਾਰਿਆਂ ਦੇ ਕਹਿਣ ਤੇ ਬਾਸ਼ਾ ਮੰਨ ਗਿਆ।

ਪਹਿਲਾਂ ਠਾਣਿਓਂ ਪਰਚੇ ਵਿਚੋਂ ਬਾਸ਼ੇ ਦਾ ਨਾਂ ਕਢਵਾਇਆ, ਫੇਰ ਸਾਰੇ ਸਿਲੀਗੁੜੀ ਵੱਲ ਤੁਰ ਪਏ।

ਐਮਬੈਸਡਰ ਕਾਰ ਕਿਰਾਏ ਤੇ ਕਰ ਲਈ ਗਈ ਸੀ।

—ਖਿੱਚੀ ਚੱਲ ਬਈ।' ਚੰਦਾ ਸਿੰਘ ਨੇ ਡਰਾਇਵਰ ਨੂੰ ਤਾੜਨਾ ਕੀਤੀ।

ਕਾਰ ਦਾ ਬੰਗਾਲੀ ਡਰਾਈਵਰ ਟੇਢਾ ਜਿਹਾ ਹੋਕੇ ਬੈਠਾ ਕਿਸੇ ਫਿਲਮ ਦੇ ਹੀਰੋ ਵਾਂਗ ਮੂੰਹ ਵਿਚ ਸਿਗਰਟ ਲਈ ਧੂੰਆਂ ਛੱਡਦਾ ਜਾ ਰਿਹਾ ਸੀ, ਅੱਖਾਂ ਤੇ ਕਾਲੇ ਚਸ਼ਮੇ ਲਾਏ ਹੋਏ ਸਨ।

ਇਕ ਥਾਂ ਟਰੱਕ ਤੋਂ ਪਾਸ ਲੈਂਦਿਆਂ ਉਸਨੇ ਨਖ਼ਰੇ ਨਾਲ ਕਾਰ ਨੂੰ ਖਿੱਚੀ ਮਰਵਾਈ ਤਾਂ ਸਾਰੇ ਡਰ ਗਏ...।

—ਕਿਆ ਕਰਤਾ ਹੈ ਬਈ...ਮਰਵਾਏਗਾ ਕਿਆ।' ਟਰਾਂਸਪੋਰਟ ਦਾ ਮੈਨੇਜਰ ਕੰਬ ਗਿਆ।

ਬੰਗਾਲੀ ਡਰਾਈਵਰ ਅਦਾ ਨਾਲ ਹੱਸਿਆ...।

—ਭੈਅ ਖਾਚਨ ਕੀ......? ਕਿਛੂ ਹੋਬੇ ਨਾ...।' (ਡਰ ਗਏ ? ਕੁਝ ਨਹੀਂ ਹੁੰਦਾ)।

ਤੇ ਉਸਨੇ ਸਪੀਡ ਹੋਰ ਤੇਜ਼ ਕਰ ਦਿੱਤੀ। ਕਾਰ ਹਵਾ ਨਾਲ ਗੱਲਾਂ ਕਰਨ ਲੱਗੀ।

ਇਕ ਮੋੜ ਤੇ ਸਾਹਮਣੇ ਤੋਂ ਲੋਡ ਟਰੱਕ ਆ ਰਿਹਾ ਸੀ। ਡਰਾਈਵਰ ਨੇ ਉਸੇ ਸਪੀਡ ਨਾਲ ਕਟਾ ਕੇ ਕਾਰ ਮੋੜਨੀ ਚਾਹੀ, ਉਸ ਤੋਂ ਸੰਭਲੀ ਨਾ ਤੇ ਸਿੱਧੀ ਟਰੱਕ ਨੂੰ ਹੋ ਤੁਰੀ। ਟਰੱਕ ਵਾਲੇ ਨੇ ਬੜੀ ਹੁਸ਼ਿਆਰੀ ਨਾਲ ਕਾਰ ਬਚਾਉਣੀ ਚਾਹੀ ਤਾਂ ਗੱਡੀ ਡੋਲ ਗਈ ਤੇ ਦਰੱਖਤ ਨਾਲ ਟਕਰਾ ਕੇ ਪਲਟ ਗਈ, ਕਾਰ ਖ਼ਤਾਨਾਂ 'ਚ ਜਾਕੇ ਮੂਧੀ ਹੋ ਗਈ।...

Academy of the Punjab in North America: http://www.apnaorg.com

ਪਲਾਂ ਵਿਚ ਦੁਰਘਟਨਾ ਵਾਪਰ ਗਈ । ਦੋਹਾਂ ਪਾਸਿਆਂ ਤੋਂ ਆਉਂਦੀਆਂ ਗੱਡੀਆਂ ਰੁਕੀਆਂ । ਕਾਹਲੀ ਕਾਹਲੀ ਕਾਰ ਵਿਚੋਂ ਤੇ ਟਰੱਕ ਵਿਚੋਂ ਡਰਾਈਵਰ ਤੇ ਸਵਾਰੀਆਂ ਕੱਢੀਆਂ । ਕਾਰ ਦਾ ਸ਼ੀਸ਼ਾ ਤੋੜਨਾ ਪਿਆ ।

ਟਰੱਕ ਦਾ ਸਾਰਾ ਮਾਲ ਖਿੱਲਰ ਗਿਆ । ਫਿਰ ਪਤਾ ਲੱਗਿਆ, ਟਰੱਕ ਦਾ ਹੈਲਪਰ ਤਾਂ ਥਾਏਂ ਮਰ ਗਿਆ । ਡਰਾਈਵਰ ਦੀਆਂ ਲੱਤਾਂ ਟੁੱਟ ਗਈਆਂ ।

ਕਾਰ ਦੇ ਬੰਗਾਲੀ ਡਰਾਈਵਰ ਦੇ ਵੀ ਸੱਟਾਂ ਸਨ । ਗੁਰਦੇਵ ਦੀ ਬਾਂਹ ਟੁੱਟ ਗਈ ਸੀ, ਚੰਦਾ ਸਿੰਘ ਦੇ ਸਿਰ ਵਿਚੋਂ ਲਹੂ ਨਿਕਲ ਰਿਹਾ ਸੀ । ਬਾਸ਼ੇ ਦੀ ਵੱਖੀ ਵਿਚ ਡੂੰਘਾ ਜ਼ਖ਼ਮ ਸੀ, ਉਸ ਦਾ ਕੁੜਤਾ ਲਹੂ ਨਾਲ ਭਿੱਜ ਗਿਆ ।......ਟਰਾਂਸ-ਪੋਰਟ ਮੈਨੇਜ਼ਰ ਦੇ ਸੱਟਾਂ ਸਨ ।

ਗੱਡੀਆਂ ਦਾ ਜਾਮ ਲੱਗਿਆ । ਸਾਰਿਆਂ ਨੇ ਰਲਕੇ ਟਰੱਕ ਦੇ ਹੈਲਪਰ ਨੂੰ ਟਰੱਕ ਹੇਠੋਂ ਖਿੱਚਿਆ ।

ਜ਼ਖ਼ਮੀ ਸਵਾਰੀਆਂ......ਦਰਦ ਨਾਲ ਬੂ-ਪਾਹਰਿਆ ਕਰਨ ਲੱਗੀਆਂ ।

ਹਰ ਪਲ ਭੀੜ ਵਧਦੀ ਗਈ ।

—o—

Academy of the Punjab in North America: http://www.apnaorg.com

## (ਬਾਰਾਂ)

ਐਕਸੀਡੈਂਟ ਵਾਲੀ ਥਾਂ ਤੇ ਪੂਰਾ ਜਾਮ ਲੱਗ ਗਿਆ। ਦੋਨੋਂ ਪਾਸੇ ਗੱਡੀਆਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ। ਡਰਾਈਵਰ, ਹੈਲਪਰ ਉਸ ਜਗ੍ਹਾ ਵਲ ਵਹੀਰਾਂ ਘੱਤ ਕੇ ਆ ਰਹੇ ਸਨ। ਬਸਤੀਆਂ ਦੇ ਲੋਕ ਵੀ ਆਉਣ ਲੱਗੇ।

ਟਰੱਕ ਦੇ ਹੈਲਪਰ ਨੂੰ ਇਕ ਪਾਸੇ ਲਿਟਾ ਕੇ ਉਸ ਉਪਰ ਇਕ ਪੁਰਾਣੀ ਚਾਦਰ ਪਾ ਦਿੱਤੀ ਗਈ।

ਲੋਕਾਂ ਦਾ ਸੋਗੀ ਹਜੂਮ ਚੁੱਪ ਚਾਪ ਜ਼ਖਮੀਆਂ ਨੂੰ ਤੇ ਮਾਰੇ ਗਏ ਹੈਲਪਰ ਨੂੰ ਵੇਖ ਰਿਹਾ ਸੀ।

—ਇਹਨਾਂ ਨੂੰ ਤਾਂ ਹਸਪਤਾਲ ਪਹੁੰਚਾਓ।' ਕਿਸੇ ਨੇ ਜ਼ਖਮੀਆਂ ਬਾਰੇ ਕਿਹਾ।

ਫਿਰ ਇਕ ਟਰੱਕ ਦਾ ਬੰਦੋਬਸਤ ਕੀਤਾ ਗਿਆ ਤੇ ਜ਼ਖਮੀਆਂ ਨੂੰ ਉਸ ਵਿਚ ਬਿਠਾਇਆ ਗਿਆ। ਗੁਰਦੇਵ, ਬਾਸ਼ਾ ਤੇ ਚੰਦਾ ਸਿੰਘ ਵੀ ਟਰੱਕ ਵਿਚ ਬੈਠ ਗਏ। ਸਾਫੇ, ਪੱਗਾਂ ਤੇ ਧੋਤੀਆਂ ਪਾੜ ਗਏ, ਜ਼ਖਮਾਂ ਤੇ ਪੱਟੀਆਂ ਬੰਨ੍ਹੀਆਂ ਸਨ, ਪਰ ਲਹੂ ਫੇਰ ਵੀ ਸਿੰਮ ਰਿਹਾ ਸੀ।

ਬਾਸ਼ਾ ਟਰੱਕ ਦੇ ਖਿੱਲਰੇ ਸਮਾਨ ਤੇ ਮਾਰੇ ਗਏ ਹੈਲਪਰ ਵਲ ਦੇਖ ਰਿਹਾ ਸੀ।

ਫਿਰ ਟਰੱਕ ਉਹਨਾਂ ਨੂੰ ਲੈ ਕੇ ਹਸਪਤਾਲ ਵਲ ਚੱਲ ਪਿਆ।

ਹਸਪਤਾਲ ਵਿਚ ਜਾਕੇ ਪਤਾ ਲੱਗਿਆ, ਬਾਸ਼ੇ ਦੀਆਂ ਦੋ ਪਸਲੀਆਂ ਟੁੱਟ ਗਈਆਂ ਸਨ। ਗੁਰਦੇਵ ਦੇ ਸੱਟਾਂ ਸਨ, ਪਰ ਉਂਜ ਠੀਕ ਸੀ। ਸਾਰਿਆਂ ਦੇ ਮੁੱਢਲੀ ਮਲ੍ਹਮ ਪੱਟੀ ਕੀਤੀ ਗਈ। ਇੰਜੈਕਸ਼ਨ ਲਾਏ ਗਏ। ਬਾਸ਼ੇ ਦਾ ਐਕਸਰੇ ਲਿਆ, ਤੇ ਡਾਕਟਰ ਨੇ ਪਲੱਸਤਰ ਕਰਾਉਣ ਲਈ ਕਿਹਾ।

—ਮੈਂ ਤਾਂ ਪਿੰਡ ਜਾਣੈ ਜ਼ਰੂਰੀ।' ਬਾਸ਼ੇ ਨੇ ਵੱਖੀ 'ਚ ਹੁੰਦੀ ਪੀੜ ਤੋਂ ਕਚੀਸ ਵੱਟਦਿਆਂ ਕਿਹਾ।



Academy of the Punjab in North America: http://www.apnaorg.com

—ਦੋ ਤਿੰਨ ਦਿਨ ਤਾਂ ਪੂਰਾ ਆਰਾਮ ਕਰਨਾ ਪਏਗਾ ।......ਫਿਰ ਚਲੇ ਜਾਣਾ' ਪਲੱਸਤਰ ਕਰਾਨਾ ਅੱਛਾ ਹੋਗਾ......, ਪਸਲੀ ਕਾ ਦਰਦ ਐਸੇ ਨਹੀਂ ਜਾਏਗਾ ?'

ਮਜਬੂਰੀ ਵਿਚ ਬਾਸ਼ੇ ਨੇ ਹਉਕਾ ਲਿਆ, ਤੇ ਡਾਕਟਰ ਮੂਹਰੇ ਆਤਮ ਸਮਰਪਣ ਕਰ ਦਿੱਤਾ ।

ਚੰਦਾ ਸਿੰਘ, ਮੈਨੇਜਰ ਨੂੰ ਨਾਲ ਲੈਕੇ ਸਿਲੀਗੁੜੀ ਜਾਣ ਵਾਲੀ ਬੱਸ ਚੜ੍ਹ ਗਿਆ । ਗੁਰਦੇਵ ਬਾਸ਼ੇ ਕੋਲ ਹੀ ਰਿਹਾ । ਉਸਦੇ ਪਲੱਸਤਰ ਕਰ ਦਿੱਤਾ ਗਿਆ ਸੀ । ਨੀਂਦ ਦਾ ਟੀਕਾ ਲੱਗਿਆ ਹੋਣ ਕਾਰਨ ਉਸ ਨੂੰ ਨੀਂਦ ਆ ਰਹੀ ਸੀ । ਜਾਗੋ ਮੀਟੀ ਵਿਚ ਉਹ ਫਿਰ ਪਿੰਡ ਪਹੁੰਚ ਗਿਆ, ਆਪਣੇ ਘਰ ਆਪਣੀ ਮਾਂ ਕੋਲ, ਪਤਨੀ ਕੋਲ, ਬੱਚਿਆਂ ਕੋਲ......।

—ਪਿੰਡ ਚਿੱਠੀ ਪਾ ਦਿਆਂ ?' ਗੁਰਦੇਵ ਨੇ ਮੂੰਹ ਨੇੜੇ ਕਰਕੇ ਪੁੱਛਿਆ ।

—ਨਾ, ਬੇਬੇ ਤਾਂ ਪਹਿਲਾਂ ਹੀ ਬੀਮਾਰ ਹੈ, ਮੇਰੀ ਚਿੱਠੀ ਗਈ ਤੋਂ ਤਾਂ ਉਹ ਮਰ ਹੀ ਜਾਊ ।..... ਠੀਕ ਹੋ ਲੈਣ ਦੇ; ਹੁਣ ਆਪ ਈ ਜਾਊਂ ।' ਅੱਖਾਂ ਮੀਚੀ ਪਏ ਬਾਸ਼ੇ ਨੇ ਕਿਹਾ, ਫਿਰ ਉਸ ਨੂੰ ਨੀਂਦ ਆ ਗਈ ।

× × ×

ਚੰਦਾ ਸਿੰਘ ਤੇ ਮੈਨੇਜਰ ਠਾਣਿਓਂ ਗੱਡੀ ਛੁਡਵਾ ਲਿਆਏ । ਜੀਤੂ ਬਾਸ਼ੇ ਕੋਲ ਹਸਪਤਾਲ ਆ ਗਿਆ । ਚੰਦਾ ਸਿੰਘ ਆਪ ਗੱਡੀ ਚਲਾਕੇ ਕਲਕੱਤੇ ਵਲ ਚਲ ਪਿਆ, ਉਹ ਹੁਣ ਬਾਸ਼ੇ ਨੂੰ ਮਿਲਣ ਨਹੀਂ ਆਇਆ । ਕਲਕੱਤੇ ਪਹੁੰਚਕੇ ਉਸਨੇ ਟਰਾਂਸਪੋਰਟ ਤੇ ਪਿਛਲੇ ਮਹੀਨੇ ਦਾ ਹਿਸਾਬ ਕੀਤਾ । ਸਾਰਾ ਖ਼ਰਚ ਕੱਟ-ਕਟਾ ਕੇ ਉਹਦਾ ਪੰਜ ਹਜ਼ਾਰ ਨਿਕਲਿਆ ।

—ਤਿੰਨ ਹਜ਼ਾਰ ਦੀ ਕਿਸ਼ਤ ਐ ।......ਐਤਕੀਂ ਅਠਾਰਾਂ ਸੌ ਟੈਕਸ ਤਾਰਨਾ ਐਂ । ਪਿਛਲੇ ਟਾਇਰ ਨਵੇਂ ਲਾਉਣ ਆਲੇ ਐ । ਜੇ ਐਤਕੀਂ ਰਿੰਗ ਨਾ ਪੁਆਏ ਤਾਂ ਪੂਰਾ ਇੰਜਣ ਬਣੂੰ ।......ਗੰਜੀ ਕੀ ਨਹਾਊ ਤੇ ਕੀ ਨਚੋੜੂ ?' ਚੰਦ ਸਿੰਘ ਦੁੱਖੀ ਹੋਇਆ ਖੜ੍ਹਾ ਸੀ । '.....ਏਹਦੇ ਨਾਲੋਂ ਤਾਂ ਡਰੈਵਰੀ ਚੰਗੀ ਐ, ਫ਼ਿਕਰ ਤਾਂ ਨੀ ਕੋਈ । ਨਾ ਟਾਇਰ ਲਾਉਣੇ, ਨਾ ਟੈਕਸ ਦੇਣਾ......। ਦਾਰੂ ਪੀ ਕੇ ਹੋਟਲਾਂ ਤੇ ਸੌਂ ਰਹਿਣੈ......ਮਾਲਕ ਭਾਵੇਂ ਟਰਾਂਸਪੋਰਟਾਂ ਤੇ ਧੱਕੇ ਖਾਂਦੇ ਫਿਰਨ...।'

—ਚੰਦਾ ਸਿੰਘਾ—ਰਾਤਾਂ ਨੂੰ ਦਰੱਖਤ ਵੀ ਤਾਂ ਓਹੀ ਗਿਣਦੇ ਐ ।...ਪਤਾ ਨੀ, ਕਿਹੜੇ ਮੋੜ ਤੇ ਕਿਹੜੀ ਘਾਟੀ 'ਚ ਵਿਚਾਰਿਆਂ ਨਾਲ ਕੀ ਵਾਪਰਨੀ ਐਂ।

Academy of the Punjab in North America: http://www.apnaorg.com

ਹੁਣ ਆਪਾਂ ਦੇਖ ਈ ਆਏ ਐਂ । ਚੰਗੇ ਭਲੇ ਤੁਰੇ ਜਾਂਦੇ ਸੀ, ਪਲਾਂ ਵਿਚ ਕੁਛ ਦਾ ਕੁਛ ਹੋ ਗਿਆ ।......' ਮੈਨੇਜਰ ਨੇ ਉਸ ਨੂੰ ਸ਼ਾਂਤ ਕੀਤਾ ।

ਚੰਦਾ ਸਿੰਘ, ਟਰਾਂਸਪੋਰਟ ਤੋਂ ਬਾਹਰ ਆਕੇ ਆਪਣੇ ਆਪ ਨਾਲ ਹੀ ਕਿੰਨਾ ਚਿਰ ਗੱਲਾਂ ਕਰਦਾ ਰਿਹਾ । ਫ਼ਿਰ ਕੋਈ ਨਵਾਂ ਡਰਾਈਵਰ ਲੱਭਣ ਤੁਰ ਗਿਆ ।

× × ×

ਤੀਸਰੇ ਦਿਨ ਬਾਸ਼ੇ ਨੂੰ ਛੁੱਟੀ ਮਿਲ ਗਈ ਤੇ ਉਹ ਤੇ ਗੁਰਦੇਵ ਕਿਸੇ ਟਰੱਕ ਤੇ ਬੈਠਕੇ ਕਲਕੱਤੇ ਆ ਗਏ ।

ਟਰਾਂਸਪੋਰਟ ਤੇ ਆਕੇ ਉਹ ਮਾਲਕ ਨੂੰ ਉਡੀਕਣ ਲੱਗ । ਬਾਸ਼ੇ ਅਤੇ ਜੀਤੂ ਨੇ ਉਸ ਕੋਲੋਂ ਆਪਣੀ ਤਨਖਾਹ ਲੈਣੀ ਸੀ ।

ਟਰਾਂਸਪੋਰਟ ਦੇ ਬਾਹਰ ਅਤੇ ਅੰਦਰ ਗੁਦਾਮ ਵਿਚ ਲੋਡ ਹੋਣ ਵਾਲਾ ਮਾਲ, ਗੰਢਾਂ.. ਬਕਸੇ, ਇਧਰ ਉਧਰ ਖਿੱਲਰੇ ਪਏ ਸਨ । ਬਾਹਰ ਟਰੱਕਾਂ ਦੀ ਭੀੜ ਸੀ । ਕੋਈ ਖਲਾਸੀ ਗੱਡੀ ਦੇ ਹੇਠਾਂ ਬੋਰੀ ਵਿਛਾ ਕੇ ਸੁੱਤਾ ਹੋਇਆ ਸੀ, ਕੋਈ ਸੀਟ ਤੇ ਪਿਆ ਸੀ, ਕੋਈ ਟਾਇਰ ਨਾਲ ਢੋਅ ਲਾਈ ਸੌਂ ਰਿਹਾ ਸੀ...।

—ਏਹ ਹੈ ਆਪਣੀ ਜ਼ਿੰਦਗੀ..., ਆਪਾਂ ਵੀ ਟਰੱਕਾਂ 'ਚ ਲੋਡ ਹੋਣ ਵਾਲੇ ਮਾਲ ਵਰਗੇ ਈ ਐਂ...।' ਉਹ ਵਿਅੰਗ ਨਾਲ ਹੱਸਿਆ ।

ਦੁਪਹਿਰੇ ਚੰਦਾ ਸਿੰਘ ਫਿਰ ਟਰਾਂਸਪੋਰਟ ਤੇ ਆਇਆ । ਗੱਡੀ ਖੜ੍ਹੀ ਸੀ, ਉਸ ਨੂੰ ਅਜੇ ਕੋਈ ਡਰਾਈਵਰ ਨਹੀਂ ਸੀ ਮਿਲਿਆ । ਬਾਸ਼ੇ ਨੂੰ ਵੇਖ ਕੇ ਕੋਲ ਆ ਗਿਆ ।

—ਕਿਵੇਂ ਐਂ ਹੁਣ ?'

—ਤੂੰ ਤਾਂ ਬਾਊ ਉਥੇ ਈ ਛੱਡ ਆਇਆ ਸਾਨੂੰ ।' ਬਾਸ਼ੇ ਨੇ ਉਲਾਂਭਾ ਦਿੱਤਾ ।

—ਮਾਲ ਵੀ ਖਾਲੀ ਕਰਨਾ ਸੀ, ਕੀ ਕਰਦਾ ?' ਚੰਦਾ ਸਿੰਘ ਨੇ ਬਹਾਨਾ ਬਣਾਇਆ ।

—ਜੇ ਗੱਡੀ ਨਾ ਮਿਲਦੀ ਫੇਰ ?'

—ਫੇਰ ਵੇਖੀ ਜਾਂਦੀ ।'

—ਚੱਲ ਠੀਕ ਐ, ਸਾਡਾ ਹਿਸਾਬ ਕਰ ਦੇ, ਅਸੀਂ ਪਿੰਡ ਨੂੰ ਜਾਣੈ ।'

Academy of the Punjab in North America: http://www.apnaorg.com

—ਐਡੀ ਛੇਤੀ ਹਿਸਾਬ ਕਿਥੋਂ ਕਰ ਦਿਆਂ। ਐਤਕੀਂ ਤਾਂ ਕਿਸ਼ਤ ਵੀ ਟੁੱਟ ਜਾਣੀ ਐਂ।

—ਦੇਖ ਮੈਂ ਜਾਣੈ ਪਿੰਡ। ਬੇਬੇ ਬਿਮਾਰ ਐ, ਮੈਂ ਆਪ ਠੀਕ ਨੀ।'...... ਉਸਨੇ ਵੱਖੀ ਤੇ ਲੱਗਿਆ ਪਲੱਸਤਰ ਪਲੋਸਿਆ।

ਕੁਝ ਦੇਰ ਅੜੀ-ਫੜੀ ਕਰਕੇ ਚੰਦਾ ਸਿੰਘ ਨੇ ਹਿਸਾਬ ਕਰ ਦਿੱਤਾ।

—ਪਿੰਡੋਂ ਆਕੇ ਚਲਾਏਂਗਾ ਗੱਡੀ?' ਉਸਨੇ ਪੁੱਛਿਆ।

—ਜਦੋਂ ਆਵਾਂਗੇ ਵੇਖੀ ਜਾਊ।' ਬਾਸ਼ੇ ਨੇ ਲਾ-ਪਰਵਾਹੀ ਨਾਲ ਕਿਹਾ।

ਫਿਰ ਤਿੰਨੋਂ, ਗੁਰਦੇਵ ਜੀਤੂ ਤੇ ਬਾਸ਼ਾ, ਠੇਕੇ ਵੱਲ ਤੁਰ ਪਏ।

—ਪਊਆ ਪੀ ਆਵਾਂ, ਮੇਰੇ ਤਾਂ ਯਾਰ ਦਰਦ ਈ ਬਹੁਤ ਹੋਈ ਜਾਂਦੇ।'

ਠੇਕੇ ਵਿਚ ਹੋਰ ਵੀ ਡਰਾਈਵਰ ਬੈਠੇ ਸਨ। ਸਾਰਿਆਂ ਨੇ ਬਾਸ਼ੇ ਦਾ ਹਾਲ ਚਾਲ ਪੁੱਛਿਆ। ਕਈਆਂ ਨੇ ਪੀਣ ਦੀ ਸੁਲਾਹ ਮਾਰੀ।

ਉਥੋਂ ਹੀ ਪਤਾ ਲੱਗਿਆ। ਮਾਹਲੇ ਦੀ ਗਡੀ ਲੁਧਿਆਣੇ ਦੀ ਲੋਡ ਸੀ।

—ਬਣ ਗਿਆ ਕੰਮ ਫੇਰ ਤਾਂ, ਘਰੇ ਈ ਪਹੁੰਚਗੇ ਸਮਝ।' ਬਾਸ਼ਾ ਖੁਸ਼ ਹੋ ਗਿਆ।

—ਆਪਾਂ ਬਾਈ ਏਹਨੂੰ ਕਿਸੇ ਗੱਡੀ ਤੇ ਲਿਆਉਣੈ। ਆਪਣੇ ਚਾਚੇ ਦਾ ਪੁੱਤ ਐ।' ਉਸ ਨੇ ਇਕ ਹੋਰ ਡਰਾਈਵਰ ਨੂੰ ਗੁਰਦੇਵ ਬਾਰੇ ਪੁੱਛਿਆ।

—ਵਾਹ! ਪਾਂਡੇ ਬੰਦਾ ਭਾਲਦਾ ਫਿਰਦਾ ਸੀ। ਸਵੇਰੇ ਈ ਉਹਨੇ ਮੈਨੂੰ ਪੁੱਛਿਆ ਸੀ।'

—ਪਾਂਡੇ... ਕਿਹੜਾ ਮੁੱਛੂ—?'

—ਹਾਂਅ!'

—ਫੇਰ ਤਾਂ ਉਹ ਘਰ ਦਾ ਬੰਦਾ ਈ ਨਿਕਲ ਆਇਐ। ਗੁਰਦੇਵ, ਉਹ ਯਾਰਾਂ ਦਾ ਯਾਰ ਐ ਤੇ ਆਪਾਂ ਨੂੰ ਵੱਡੇ ਭਾਈ ਮੰਨਦੈ। ਭਾਲਦੇ ਐਂ ਉਹਨੂੰ ਵੀ।'

—ਭਾਲਣਾ ਕਿਥੇ ਐ, ਬਿਹਾਰੀਆਂ ਦੇ ਹੋਟਲ ਤੋਂ ਦੋ ਕਿਲੋ ਚੌਲ ਖਾਕੇ ਕਿਤੇ ਸੁੱਤਾ ਹੋਊ।' ਡਰਾਈਵਰ ਦੱਸ ਕੇ ਹੱਸਿਆ।

ਠੇਕੇ ਤੋਂ ਬਾਹਰ ਆਕੇ, ਉਹ ਮਾਹਲੇ ਅਮਲੀ ਤੇ ਮੁੱਛੂ ਪਾਂਡੇ ਨੂੰ ਲੱਭਣ ਲੱਗੇ।

—o—

Academy of the Punjab in North America: http://www.apnaorg.com

ਬੱਸ ਚੇਸੀਜ਼ ਹੈ...ਬਾਨਮੇ ਪੰਦਰਾ...ਉਧਰ ਖੜ੍ਹਾ ਹੈ ਪੀਛੇ...' ਉਸਨੇ ਇਸ਼ਾਰ ਨਾਲ ਦਸਿਆ।

—ਆਓ ਚਾਏ ਪੀਏਂ ਪਹਿਲੇ' ਪਾਂਡੇ ਉਠ ਖੜ੍ਹਾ।

—ਨਹੀਂ ਚਾਹ ਨਹੀਂ ਪੀਣੀ। ਮੈਂ ਮਾਹਲੇ ਅਮਲੀ ਨੂੰ ਵੀ ਲੱਭਣੈ। ਉਸਦਾ ਮਾਲ ਲੁਧਿਆਣੇ ਦਾ ਜੋੜ ਐ। ਉਸੇ ਨਾਲ ਈ ਜਾਊਂ ਪਿੰਡ ਨੂੰ।'

—ਮੰਦਰ ਕੇ ਪੀਛੇ ਗਾੜੀ ਖੜ੍ਹਾ ਹੈ ਉਸ ਕਾ, ਕਹੀਂ ਡੋੜੇ ਪੀਤਾ ਹੋਗਾ ਘੋਲ ਕੇ' ਪਾਂਡੇ ਹੱਸਿਆ।

—ਠੀਕ ਐ ਗੁਰਦੇਵ, ਫ਼ਿਕਰ ਨਾ ਕਰੀਂ, ਪਾਂਡੇ ਆਪਣਾ ਈ ਬੰਦਾ ਐ।...'

—ਚੰਗਾ, ਘਰੇ ਕਹਿ ਦੀਂ ਸਭ ਠੀਕ ਐ।' ਗੁਰਦੇਵ ਉਦਾਸ ਹੋ ਗਿਆ।

—ਮੈਂ ਦੇਖਾਂ ਫਿਰ ਮਾਹਲੇ ਨੂੰ...।' ਬਾਸ਼ੇ ਨੇ ਗੁਰਦੇਵ ਤੇ ਪਾਂਡੇ ਨਾਲ ਹੱਥ ਮਿਲਾਇਆ।...ਫਿਰ ਜੀਤੂ ਤੇ ਉਹ ਮੰਦਰ ਵਲ ਚਲੇ ਗਏ।

ਮਾਹਲਾ ਅਮਲੀ ਇਕ ਡੱਬੇ ਵਿਚ ਡੋਡੇ ਭਿਉਂਈ ਬੈਠਾ ਸੀ ਤੇ ਉਹ ਇਕ ਕੱਪੜੇ ਦੇ ਪੋਣੇ ਨਾਲ ਗਲਾਸ ਵਿਚ ਪੁਣਨ ਦੀਆਂ ਤਿਆਰੀਆਂ ਵਿਚ ਸੀ, ਜਦੋਂ ਬਾਸ਼ਾ ਤੇ ਜੀਤੂ ਆ ਗਏ।

—ਕਿਉਂ ਬਣੀ ਜਾਂਦੇ ਸਰੀਰ ?' ਬਾਸ਼ੇ ਨੇ ਛੇੜਿਆ।

—ਇਹ ਸਰੀਰ ਤਾਂ ਸਦਾ ਚੜ੍ਹਦੀਆਂ ਕਲਾਂ 'ਚ ਰਹਿੰਦੇ ਐ। ਤੂੰ ਦੇਹ ਆਵਦੀ ਗੱਲ। ਕੀ ਹਾਲ ਐ ਹੁਣ ? ਮਾਲਕ ਨੂੰ ਚੱਕਤਾ ਝੱਗਾ।...'

—ਹੋਰ ਕੀ ਕਰੀਏ, ਜਦੋਂ ਬੰਦਾ ਦੁਖਦੇ-ਸੁੱਖਦੇ ਨਾਲ ਨਾ ਖੜ੍ਹੇ।' ਬਾਸ਼ੇ ਨੇ ਕਿਹਾ।

—ਹਿਸਾਬ-ਕਿਤਾਬ ਕਰ ਲਿਆ।'

—ਸਭ ਨਬੇੜ ਤਾ। ਮਾਲ ਤੇਰਾ ਦੱਸ ਕਿਥੋਂ ਦਾ ਲੋਡ੍ਹ ਐ... ?'

—ਲੁਧਿਆਣੇ ਦਾ......।'

—ਮੈਂ ਤੇਰੇ ਨਾਲ ਚੱਲੂੰ। ਅੱਜ ਈ ਤੁਰਨਾ ਐ ਨਾ ?'

—ਨਹੀਂ ਅੱਜ਼ ਨੀ ਤੁਰਨਾ। ਕੱਲ੍ਹ ਨੂੰ ਕੋਰਟ 'ਚ ਚਲਾਨ ਭੁਗਤ ਕੇ ਜਾਣੈ।

Academy of the Punjab in North America: http://www.apnaorg.com

## (ਤੇਰਾਂ)

ਬਿਹਾਰੀਆ ਪਾਂਡੇ ਇਕ ਤਕੜੇ ਮਾਰਵਾੜੀ ਫਾਈਨੈਂਸਰ ਦੀ ਗੱਡੀ ਚਲਾਉਂਦਾ ਸੀ । ਪਠਾਣਾਂ ਵਰਗਾ ਕੱਦ, ਭਲਵਾਨਾਂ ਵਾਂਗ ਮੁੰਨਿਆ ਸਿਰ, ਤੇ ਵੱਡੀਆਂ ਮੁੱਛਾਂ । ਉਸ ਦਾ ਅਸਲੀ ਨਾਂ ਘਰ ਵਾਲੇ ਹੀ ਜਾਣਦੇ ਹੋਣਗੇ । ਟਰਾਂਸਪੋਰਟਾਂ ਤੇ, ਹੋਟਲਾਂ ਤੇ, ਗਰਾਜਾਂ ਵਿਚ, ਤੇ ਡਰਾਈਵਰਾਂ ਵਿਚ ਉਹ 'ਮੁੱਛੂ ਪਾਂਡੇ' ਹੀ ਵਜਦਾ ਸੀ ।

ਬਾਸ਼ੇ ਨੇ ਉਸ ਨੂੰ ਸੱਚ ਹੀ ਇਕ ਟਰਾਂਸਪੋਰਟ ਦੇ ਗੁਦਾਮ ਵਿਚ ਸੁੱਤੇ ਪਏ ਨੂੰ ਲੱਭ ਲਿਆ । ਉਹ ਕੁੰਭਕਰਨ ਵਾਂਗ ਘੁਰਾੜੇ ਮਾਰ ਰਿਹਾ ਸੀ ਤੇ ਉਸ ਦੀਆਂ ਮੁੱਛਾਂ ਅਜੀਬ ਹਰਕਤਾਂ ਕਰਦੀਆਂ ਸਨ ।

ਬਾਸ਼ੇ ਦੇ ਜਗਾਉਣ ਤੇ ਉਹ ਉੱਠਿਆ, ਮੁੱਛਾਂ ਤੇ ਹੱਥ ਫੇਰੇ, ਅੱਖਾਂ ਮਲੀਆਂ— 'ਆ ਬਈ ਬਾਸ਼ੇ ਕਿਆ ਹਾਲ ਐ ?'

—ਹਾਲ ਤਾਂ ਵਧੀਆ ਹੈ ।'

—ਸੁਨਾ ਥਾ ਭਈ ਤੇਰਾ ਗਾੜੀ ਚੋਰੀ ਹੋ ਗਿਆ ? ਫਿਰ ਕਾਰ ਐਕਸੀਡੈਂਟ ਵਾਲਾ ਬਾਤ ਭੀ ਸੁਨਾ—?'

—ਸਭ ਠੀਕ ਐ । ਮੈਂ ਤੇਰੇ ਕੋਲ ਆਇਆ, ਏਹ ਆਪਣਾ ਛੋਟਾ ਭਾਈ ਐ । ਸਮਝ ਲਾ ਮੈਂ ਆਪ...।' ਬਾਸ਼ੇ ਨੇ ਆਪਣੀ ਹਿੱਕ ਤੇ ਪੋਲਾ ਜਿਹਾ ਹੱਥ ਧਰਿਆ ।... ਮੈਂ ਚੱਲਿਆ ਪਿੰਡ, ਏਹ ਤੇਰੇ ਨਾਲ ਰਹੇਗਾ । ਗੱਡੀ ਸਿਖੌਣੀ ਐਂ ਆਪਾ...ਐਵੇਂ ਜੇਕ ਈ ਨੀ ਲੁਆਈ ਜਾਣੇ । ਮੈਂ ਵੀ ਮੁੜ ਈ ਆਉਣੈਂ...'

—ਅਰੇ ਬੱਸ, ਇਤਨੀ ਬਾਤ ? ਤੇਰਾ ਭਾਈ, ਮੇਰਾ ਭਾਈ ।' ਉਸ ਨੇ ਗੁਰਦੇਵ ਦੇ ਮੋਢੇ ਤੇ ਹੱਥ ਮਾਰਿਆ ।—'ਜਾਓ ਕਪੜਾ-ਲੱਤਾ ਲਾ ਕਰ ਗਾੜੀ ਮੇਂ ਰੱਖ ਲੋ !



Academy of the Punjab in North America: http://www.apnaorg.com

ਤਰੀਕ ਐ । ਗੱਡੀ ਦੀ ਆਰ. ਸੀ. ਥਾਣੇ ਪਈ ਐ। ਜੇ ਨਾ ਲੈ ਕੇ ਗਏ ਰਾਹ ਵਿਚ ਖੱਜਲ ਖੁਆਰ ਹੋਵਾਂਗੇ ।'

—ਏਹ ਤਾਂ ਠੀਕ ਐ ।

—ਤੂੰ ਮੇਰੇ ਨਾਲ ਈ ਚੱਲੀਂ ਕੋਰਟ 'ਚ । ਜਦੋਂ ਈ ਕਾਪੀ ਮਿਲੀ ਆਪਾਂ ਤੁਰ ਪੈਣੈ'। ਮਾਹਲੇ ਨੇ ਡੋਡੇ ਪੁਣ ਕੇ ਗਲਾਸ ਭਰ ਲਿਆ ।...

ਮੈਂ ਤੇਰੇ ਨਾਲ ਈ ਚੱਲੂੰ ਉਸਤਾਦ ।' ਜੀਤੂ ਨੇ ਕਿਹਾ ।

—ਕਿਉਂ ? ਕੀ ਕਰੇਂਗਾ ਪਿੰਡ ਜਾਕੇ । ਮੈਂ ਤੇਰੀ ਵੀ ਏਥੇ ਗੱਲ ਕਰਾ ਦਿੰਨੇ ਕਿਸੇ ਨਾਲ...?'

—ਨਹੀਂ ਮੇਰਾ ਵੀ ਜੀਅ ਨੀ ਲਗਦਾ । ਪੰਦਰਾਂ ਵੀਹ ਦਿਨ ਪਿੰਡ ਲਾ ਕੇ ਆਊਂ ।'

—ਤੇਰੀ ਮਰਜੀ ਐ, ਨਾਲ ਈ ਚੱਲ ਫੇਰ । ਬੰਦਿਆਂ ਦਾ ਤਾਂ ਫਾਇਦਾ ਈ ਐ ।'... ਜੀਤੂ ਖੁਸ਼ ਹੋ ਗਿਆ ।

ਮੈਂ ਫਿਰ ਆਪਣੇ ਕਪੜੇ ਕੁਪੜੇ ਧੋ ਲੈਨਾਂ ।' ਆਖ ਕੇ ਉਹ ਚਲਿਆ ਗਿਆ ।

—ਕੱਲ੍ਹ ਨੂੰ ਤੈਨੂੰ ਫਿਰ ਮੈਂ ਕੋਰਟ ਵਿਚ ਈ ਮਿਲੂੰ ।' ਆਖ ਕੇ ਬਾਸ਼ਾ ਵੀ ਤੁਰਨ ਲੱਗਾ ਤਾਂ ਮੁੰਛੂ ਪਾਂਡੇ ਆ ਗਿਆ ।

—ਅਰੇ ਬਾਸ਼ੇ, ਮੇਰਾ ਮਾਲਕ ਬੁਲਾ ਰਹਾ ਤੇਰੇ ਕੋ ।'

—ਕੀ ਗੱਲ ਐ...?'

—ਏਹ ਤੋ ਪਤਾ ਨੀ । ਏਕ ਗਾੜੀ ਖ਼ਾਲੀ ਹੈ ਉਸ ਕਾ ਸ਼ਾਇਦ...ਮਾਲਕ ਅੱਛਾ ਬਹੁਤ ਹੈ, ਡਰਾਈਵਰੋਂ ਕੋ ਤੋ ਆਪਣੇ ਬੱਚੋਂ ਕੀ ਤਰ੍ਹਾਂ ਰਖਤਾ ਹੈ ।'...ਪਾਂਡੇ ਨੇ ਮਾਰਵਾੜੀ ਦੀ ਸਿਫ਼ਤ ਕੀਤੀ ।...

—ਮੈਂ ਤਾਂ ਪਿੰਡ ਜਾ ਰਿਹਾਂ ।'...

Academy of the Punjab in North America: http://www.apnaorg.com

—ਬਾਤ ਕਰਨੇ ਮੈਂ ਕਿਆ ਹਰਜ ਐ ?

ਉਹ ਦੋਵੇਂ ਮਾਰਵਾੜੀ ਸੇਠ ਕੋਲ ਆ ਗਏ । ਟਰਾਂਸਪੋਰਟ ਦਾ ਵਾਤਾਨਕੂਲ ਦਫ਼ਤਰ । ਇਕ ਚੌੜੇ ਮੇਜ਼ ਦੇ ਪਿਛੇ ਮਾਰਵਾੜੀ ਬੈਠਾ ਹੋਇਆ...ਕਾਰੋਬਾਰ ਤਾਂ ਏਹਨਾਂ ਲੋਕਾਂ ਨੂੰ ਕਰਨਾ ਆਉਂਦੈ...ਬਾਸ਼ਾ ਨੇ ਮਨ ਵਿਚ ਸੋਚਿਆ ਤੇ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤਾ ।

—ਕਿਆ ਕਰ ਰਹੇ ਹੋ ਆਜ ਕੱਲ੍ਹ...?' ਮਾਰਵਾੜੀ ਨੇ ਪੁੱਛਿਆ ।

—ਪਿੰਡ ਜਾ ਰਿਹਾ ਜੀ...'

—ਗੱਡੀ ਚਲਾ ਲੋ ਹਮਾਰੇ । ਸਰਦਾਰ ਸੇ ਤਨਖਾਹ ਡਬਲ ।...ਬੋਲੋ...' ਮਾਰਵਾੜੀ ਨੇ ਲਾਲਚ ਦਿਤਾ ।

—ਪਹਿਲਾਂ ਪਿੰਡ ਜਾਊਂਗਾ ਜੀ, ਵਾਪਸ ਆ ਕੇ ਦੇਖ ਲੂੰ ਗਾ ।'

—ਕਿੰਨੇ ਦਿਨਾਂ ਮੇਂ ਆਏਗਾ ?'

—ਪੰਜ ਸੱਤ ਦਿਨ ਤਾਂ ਲਗ ਈ ਜਾਣਗੇ ਜੀ ।'

—ਠੀਕ ਹੈ...ਆਣੇ ਸੇ ਹੀ ਮਿਲੇਗਾ, ਇਧਰ...।

—ਠੀਕ ਐ ਜੀ ।' ਕਹਿਕੇ ਬਾਸ਼ਾ ਬਾਹਰ ਆ ਗਿਆ ।

ਪਾਂਡੇ ਨੇ ਉਸ ਨੂੰ ਜਲਦੀ ਵਾਪਸ ਆਉਣ ਲਈ ਕਿਹਾ ਤੇ ਦਸਿਆ, ਏਥੇ ਤਾਂ ਡਰਾਈਵਰ ਲਾਈਨਾਂ ਲਾਕੇ ਬੈਠੇ ਰਹਿੰਦੇ ਐ । ਮੈਂ ਤੇਰੀ ਗੱਲ ਏਹਨਾਂ ਕੋਲ ਕੀਤੀ ਸੀ ।...

—ਮੈਂ ਦੋ ਚਾਰ ਦਿਨ ਲਾਕੇ ਆ ਈ ਜਾਣੈ...ਹੁਣ ਮੈਂ ਵੀ ਤਿਆਰੀ ਕਰਾਂ, ਕੱਲ ਨੂੰ ਤੁਰਨੈ...ਫਿਰ...' ਕਹਿਕੇ ਬਾਸ਼ਾ ਉਥੋਂ ਚਲਿਆ ਆਇਆ ।

× × ×

ਅਗਲੇ ਦਿਨ ਉਹ ਤੇ ਮਾਹਲਾ ਅਮਲੀ ਕੋਰਟ ਵਿਚ ਸਨ । ਇਕ ਵਕੀਲ ਦੇ ਮੁਨਸ਼ੀ ਨਾਲ ਮਾਹਲੇ ਦੀ ਪਹਿਲਾਂ ਹੀ ਗੱਲ ਬਾਤ ਕੀਤੀ ਹੋਈ ਸੀ ।

—ਤੁਮ ਵਹਾਂ ਕੋਰਟ ਕੇ ਪਾਸ ਰਹੋ, ਜਬ ਆਵਾਜ਼ ਪੜੀ ਤੋ ਬੁਲਾ ਲੇਨਾ, ਵਕੀਲ ਬਾਬੂ ਜਾਏਗਾ ।' ਮੁਨਸ਼ੀ ਨੇ ਉਹਨਾਂ ਨੂੰ ਕਿਹਾ । ਦੋਵੇਂ ਕੋਰਟ ਦੇ ਬਾਹਰ ਆ ਬੈਠੇ ।

Academy of the Punjab in North America: http://www.apnaorg.com

ਅਲੱਗ ਅਲੱਗ ਜੱਜਾਂ ਦੀਆਂ ਕੋਰਟਾਂ ਸਾਹਮਣੇ ਬੜੀ ਭੀੜ ਸੀ। ਅਵਾਜ਼ਾਂ ਪੈ ਰਹੀਆਂ ਸਨ।...

—ਰਾਮ ਚੈਟਰਜੀ ਬਨਾਮ ਬੰਗਾਲ ਸਰਕਾਰ...!

—ਅਸ਼ੋਕ ਮੰਗੋਲੀ ਬਨਾਮ ਸੁਚਿਤਰਾਸੇਨ—

—ਇਸ ਤਰ੍ਹਾਂ ਹੀ ਹਰ ਕੋਰਟ ਦੇ ਬਾਹਰ ਸ਼ੋਰ-ਸ਼ਰਾਬਾ ਸੀ।

ਮਾਹਲਾ ਇਕ ਰੁਪਈਏ ਦੇ ਭੁੱਜੇ ਛੋਲੇ ਲੈ ਆਇਆ ਤੇ ਦੋਵੇਂ ਜਣੇ, ਇਕ ਪਾਸੇ ਬੈਠਕੇ ਖਾਣ ਲੱਗੇ।

ਛੋਲੇ ਖਾ ਕੇ, ਉਹ ਪਾਣੀ ਪੀਣ ਜਾ ਰਹੇ ਸਨ, ਅਚਾਨਕ ਆਵਾਜ਼ ਪਈ— 'ਮਾਹਲਾ ਸਿੰਘ...'

ਦੋਵੇਂ ਮੁੜੇ! ਮਾਹਲਾ ਕਾਹਲੀ ਨਾਲ ਕੋਰਟ ਰੂਮ ਦੇ ਦਰਵਾਜ਼ੇ ਕੋਲ ਆਇਆ ਤੇ ਅੰਦਰ ਲੰਘ ਗਿਆ। ਨਾ ਉਸ ਨੂੰ ਆਪਣਾ ਮੁਣਸ਼ੀ ਦਿਸਿਆ ਨਾ ਵਕੀਲ।

—ਜੁਰਮ ਹੂਆ?' ਕਿਸੇ ਨੇ ਪੁੱਛਿਆ।

—ਹੋਇਆ ਹਜ਼ੂਰ।' ਮਾਹਲੇ ਦੇ ਮੂੰਹੋਂ ਨਿਕਲਿਆ। ਹੱਥ ਵੀ ਜੁੜ ਗਏ।

—ਸੌ ਰੁਪਿਆ।' ਜੱਜ ਸਾਹਿਬ ਦੇ ਮੂੰਹੋਂ ਹੁਕਮ ਹੋਇਆ।

ਉਹ ਬਾਹਰ ਆ ਗਿਆ। ਕੇਹਾ ਇਨਸਾਫ਼ ਹੈ? ਕਸੂਰ ਕੀਤਾ ਹੋਵੇ ਭਾਵੇਂ ਨਾ ਹੋਵੇ, ਕਹਿਣਾ ਪੈਂਦਾ ਹੈ...ਮੰਨਣਾ ਪੈਂਦਾ ਹੈ।

ਮਾਹਲੇ ਨੇ ਮੁਣਸ਼ੀ ਨੂੰ ਜੁਰਮਾਨੇ ਦੇ ਰੁਪਏ ਦਿਤੇ। ਉਸ ਦੀ ਫੀਸ ਦਿੱਤੀ। ਫਿਰ ਦੋਹਾਂ ਨੇ ਚਾਹ ਪੀਤੀ।

ਜੁਰਮਾਨਾ ਤਾਰ ਕੇ ਮੁਣਸ਼ੀ ਨੇ ਉਸਨੂੰ ਰਜਿਸਟਰੇਸ਼ਨ ਲਿਆ ਦਿੱਤੀ। ਦੋਵੇਂ ਫਿਰ ਟਰਾਂਸਪੋਰਟ ਤੇ ਆ ਗਏ।

ਮਾਹਲੇ ਅਮਲੀ ਨੇ ਆਥਣ ਵੇਲੇ ਤੁਰ ਪੈਣਾ ਸੀ। ਬਾਸ਼ਾ ਇਕ ਵਾਰ ਮੀਤੋ ਕੋਲ ਜਾਣਾ ਚਾਹੁੰਦਾ ਸੀ। ਪਰ ਨਹੀਂ ਜਾ ਸਕਿਆ। ਮੁੱਛ੍ਹ ਪਾਂਡੇ ਦਾ ਪਤਾ ਕੀਤਾ। ਉਹ ਲੋਡ ਕਰਕੇ ਆਂਧਰਾ ਵਲ ਚਲੇ ਗਏ ਸਨ। ਗੁਰਦੇਵ ਨਾਲ ਹੀ ਸੀ।

Academy of the Punjab in North America: http://www.apnaorg.com

ਜਦੋਂ ਬਾਸ਼ਾ ਮਾਹਲੇ ਦੀ ਗੱਡੀ ਕੋਲ ਆਇਆ ਤਾਂ ਜੀਤੂ ਵੀ ਨਿਖਰਿਆ ਖੜਾ ਸੀ। ਮੋਢੇ ਵਿਚ ਏਅਰ ਬੈਗ ਪਾਇਆ ਸੀ। ਚਿਹਰੇ ਤੇ ਪਿੰਡ ਜਾਣ ਦਾ ਖੇੜਾ ਸੀ।

ਮਾਹਲੇ ਨੇ ਐਡਵਾਂਸ ਤੇ ਬਿਲਟੀ ਲੈ ਲਈ। ਇਕ ਦੁਕਾਨ ਤੋਂ ਪਾਈਆ ਡੋਡੇ ਵੀ ਲੈ ਲਏ। ਕੱਪੜੇ ਧੋਣ ਵਾਲਾ ਸਾਬਣ ਲਿਆ। ਫਿਰ ਆਪਣੇ ਹੈਲਪਰ ਨੂੰ ਆਕੇ ਪੁੱਛਿਆ।...

—ਕਿਉਂ ਬਈ...ਕਿਵੇਂ ਐਂ...ਗੱਡੀ ਠੀਕ ਐ। ਕਦੋਂ ਕੁ ਤੁਰੀਏ ?'

—ਸਾਰਾ ਕੁਝ ਠੀਕ ਐ, ਜਦੋਂ ਜੀਅ ਕੀਤਾ ਤੁਰ ਪਉ।'

— ਬਾਸ਼ਾ ਕਿਥੇ ਐ ?' ਮਾਹਲੇ ਨੇ ਪੁੱਛਿਆ।

—ਐਥੇ ਈ ਸੀ, ਜੀਤੂ ਵੀ ਨਾਲ ਐ।...ਕੋਈ ਸਮਾਨ ਸਮੂਨ ਖਰੀਦਦੇ ਹੋਣਗੇ।'

—ਜਾਹ ਭਾਲ ਕੇ ਲਿਆ। ਆਪਾਂ ਤੁਰ ਈ ਪੈਣੈ।'

ਖਲਾਸੀ, ਬਾਸ਼ੇ ਤੇ ਜੀਤੂ ਨੂੰ ਲੱਭਣ ਤੁਰ ਪਿਆ।

ਆਥਣ ਹੋ ਰਿਹਾ ਸੀ। ਨੋ ਐਂਟਰੀ ਖਲ੍ਹ ਗਈ ਸੀ। ਮਾਹਲਾ ਚਾਹੁੰਦਾ ਸੀ, ਜਾਮ ਹੋਣ ਤੋਂ ਪਹਿਲਾਂ ਪਹਿਲਾਂ ਸ਼ਹਿਰ ਪਾਰ ਕਰ ਲਿਆ ਜਾਵੇ।

ਥੋੜ੍ਹੀ ਦੇਰ ਬਾਅਦ ਹੀ ਬਾਸ਼ਾ ਤੇ ਜੀਤੂ ਆ ਗਏ।...

—ਹੱਦ ਹੋ ਗਈ ਯਾਰ।' ਮਾਹਲੇ ਦੇ ਨਸ਼ੇ-ਪੱਤੇ ਫੁੱਲ ਸਨ।

—ਮੈਂ ਜੁਆਕਾਂ ਵਾਸਤੇ ਨਿਕ ਸੁੱਕ ਲੈਣ ਤੁਰ ਗਿਆ। ਚਲੋ—ਰੈਡੀ ਆਂ ਅਸੀਂ।'

—ਤੂੰ ਹੀ ਐ ਦਾਤਾ।' ਆਖਕੇ ਉਹਨਾਂ ਟਰੱਕ ਦੀ ਖਿੜਕੀ ਖੋਹਲੀ, ਤੇ ਵਿਚ ਬੈਠ ਗਏ।

ਮਾਹਲਾ ਕਿੰਨਾ ਹੀ ਚਿਰ ਅੱਖਾਂ ਮੀਚੀ, ਹੱਥ ਜੋੜੀ ਸਟੇਰਿੰਗ ਤੇ ਬੈਠਾ ਦੇਵੀ ਦੇਵਤੇ ਧਿਆਉਂਦਾ ਰਿਹਾ। ਫਿਰ ਬਰੇਕ ਪੈਡਲ ਨੂੰ ਹੱਥ ਲਾ ਕੇ ਕੰਨਾਂ ਨੂੰ ਲਾਏ। ਗੱਡੀ ਸਟਾਰਟ ਕੀਤੀ, ਬੱਤੀਆਂ ਜਗਾਈਆਂ ਤੇ ਤੁਰ ਪਏ।

– ਹੇ ਵਾਹਿਗੁਰੂ ਮੇਰੀ ਮਾਂ ਸਹੀ ਸਲਾਮਤ ਹੋਵੇ।' ਆਖ ਕੇ ਬਾਸ਼ੇ ਨੇ ਗੱਡੀ ਵਿਚ ਬਾਬਿਆਂ ਦੀਆਂ ਫੋਟੋਆਂ ਨੂੰ ਨਮਸਕਾਰ ਕੀਤਾ।

Academy of the Punjab in North America: http://www.apnaorg.com

—ਮਾਂ ਮੈਂ ਆ ਰਿਹਾਂ.. ਹੁਣ ਮੈਨੂੰ ਕੋਈ ਵੀ ਨਹੀਂ ਰੋਕ ਸਕਦਾ। ਮੈਂ ਆ ਰਿਹਾਂ ਮਾਂ।...' ਉਸਦੀਆਂ ਅੱਖਾਂ ਭਰ ਆਈਆਂ।...

ਮਾਹਲਾ ਪੂਰੀ ਹੁਸ਼ਿਆਰੀ ਨਾਲ ਸ਼ਹਿਰ ਪਾਰ ਕਰ ਰਿਹਾ ਸੀ।

× × × ×

ਸ਼ਹਿਰ ਪਾਰ ਕਰਕੇ ਟਰੱਕ ਪੂਰੀ ਰਫ਼ਤਾਰ ਨਾਲ ਚੱਲ ਰਿਹਾ ਸੀ। ਮਾਹਲਾ ਡਿਗੂ ਫੁੱਲ ਮਾਰਦਾ ਗੱਡੀਆਂ ਪਾਸ ਕਰਦਾ ਜਾ ਰਿਹਾ ਸੀ, ਗੱਡੀਆਂ ਨੂੰ ਪਾਸ ਦੇ ਰਿਹਾ ਸੀ।

ਅਚਾਨਕ ਬੰਬ ਫੱਟਣ ਦੀ ਅਵਾਜ਼ ਨਾਲ ਟਰੱਕ ਦਾ ਸਾਹਮਣਾ ਟਾਇਰ ਫੱਟ ਗਿਆ। ਬੜੀ ਸਿਆਣਪ ਤੇ ਹੁਸ਼ਿਆਰੀ ਨਾਲ ਗੀਅਰ ਡਾਊਨ ਮਾਰ ਕੇ ਹੇਠਾਂ ਖਤਾਨਾਂ ਵੱਲ ਖਿੱਚ ਕੇ ਲਈ ਜਾ ਰਹੀ ਗੱਡੀ, ਮਾਹਲੇ ਨੇ ਰੋਕ ਲਈ। ਸਾਰੇ ਫੁਰਤੀ ਨਾਲ ਉਤਰੇ, ਤੇ ਜਗ੍ਹਾ ਵੇਖ ਕੇ ਸਾਰਿਆਂ ਦੇ ਮੂੰਹ ਉੱਡ ਗਏ। ਜੇ ਚਾਰ ਫੁੱਟ ਵੀ ਗੱਡੀ ਅਗਾਂਹ ਵੱਧ ਜਾਂਦੀ, ਟਰੱਕ ਉਲਟ ਜਾਣਾ ਸੀ।

—ਹੁਣ...?' ਬਾਸ਼ੇ ਨੇ ਇਉਂ ਪੁੱਛਿਆ, ਜਿਵੇਂ ਕਹਿ ਰਿਹਾ ਹੋਵੇ,...ਮੈਂ ਪਿੰਡ ਕਿਵੇਂ ਜਾਊਂਗਾ...?'

—ਸਟਿਪਣੀ ਬਹੁਤ ਮਾੜੀ ਐ।...ਕਲਕੱਤਿਉਂ ਨਵਾਂ ਟਾਇਰ ਲਿਆਉਣਾ ਪਊ, ਤਾਂ ਜਾਊ ਗੱਡੀ।' ਮਾਹਲੇ ਨੇ ਕਿਹਾ।

ਬਾਸ਼ਾ ਇਕ ਪਾਸੇ ਸਿਰ ਫੜ ਕੇ ਬੈਠ ਗਿਆ। ਚੁਫੇਰੇ ਸੰਘਣਾ ਹਨੇਰਾ ਸੀ। ਜੀ.ਟੀ. ਰੋਡ ਤੇ ਗੱਡੀਆਂ ਲਗਾਤਾਰ ਆ ਜਾ ਰਹੀਆਂ ਸਨ।

—o—

Academy of the Punjab in North America: http://www.apnaorg.com

## (ਚੌਦਾਂ)

ਰਾਤ ਭਰ, ਸਾਰੇ ਗੱਡੀ ਸਿਰਹਾਣੇ ਅਫਸੋਸ ਵਿਚ ਬੈਠੇ ਰਹੇ। ਬਾਸ਼ਾ ਅਤੇ ਜੀਤੂ ਜ਼ਿਆਦਾ ਫਿਕਰ ਵਿਚ ਸਨ। ਛੇਤੀ ਪਿੰਡ ਪਹੁੰਚਣਾ ਚਾਹੁੰਦੇ ਸਨ। ਅੜਿੱਕੇ ਤੇ ਅੜਿਕਾ ਲੱਗਦਾ ਆ ਰਿਹਾ ਸੀ। ਪਤਾ ਨਹੀਂ ਕੁਦਰਤ ਨੂੰ ਕੀ ਮਨਜ਼ੂਰ ਹੈ? ਬਾਸ਼ਾ ਝੂਰ ਰਿਹਾ ਸੀ।

ਮਾਹਲੇ ਅਮਲੀ ਦੀ ਸੇਹਤ ਤੇ ਕੋਈ ਫਰਕ ਨਹੀਂ ਸੀ। ਉਸ ਨੇ ਅੱਧੀ ਰਾਤ ਨੂੰ ਡੋਡੇ ਭਿਉਂ ਕੇ ਰੱਖ ਲਏ, ਤੇ ਹੁਣ ਤੱਕ ਦੋ ਵਾਰੀ ਪੀ ਚੁੱਕਾ ਸੀ।

—ਐਂ ਕਾਹਤੋਂ ਨੀਵੀਆਂ ਪਾਈ ਬੈਠੇ ਐਂ, ਜਿਵੇਂ ਕੁੜੀ ਦੱਬ ਕੇ ਆਏ ਹੁੰਨੇ ਐਂ...? ਕੋਈ ਗੱਲ ਸੁਣਾਓ...।' ਮਾਹਲਾ ਟਹਿਕਰੇ ਨਾਲ ਬੋਲਿਆ—'ਨਾਲੇ ਬਾਸ਼ਾ ਤੇ ਉਦਾਸ...?'

—ਕੀ ਕਰਾਂ ਮਾਹਲਿਆ, ਉਦੋਂ ਪਿਡ ਜਾਣ ਲੱਗਾ ਸੀ ਚੰਗਾ ਭਲਾ। ਚੰਦਾ ਸਿੰਘ ਆਂਹਦਾ ਆਹ ਗੇੜਾ ਲਾਇਆ। ਬੱਸ ਉਸ ਗੇੜੇ ਨੇ ਐਹ ਜਾ ਗਧੀ-ਗੇੜ 'ਚ ਪਾਇਆ.., ਮਸਾਂ ਬਚੇ ਐਂ। ਕਾਰ ਐਕਸੀਡੈਂਡ 'ਚ ਪਤਾ ਨੀ 'ਰਾਮ ਨਾਮ ਸੱਤ ਹੈ'— ਹੋ ਜਾਣੀ ਸੀ..., ਤੇ ਘਰ ਵਾਲਿਆਂ ਨੇ 'ਘੱਲੇ ਆਏ ਨਾਨਕਾ, ਸੱਦੇ ਉਠਿ ਜਾਇ।' ਕਹਿ ਕੇ ਸਬਰ ਕਰ ਲੈਣਾ ਸੀ।...ਮੈਂ ਤਾਂ ਬੈਠਾ ਓਹੀ ਸੋਚੀ ਜਾਨੈਂ..., ਬੇਬੇ ਦੇ ਸੱਟ ਵੱਜੀ ਸੀ, ਚੂਕਣਾ ਉਤਰ ਗਿਆ ਸੀ। ਬਿਰਧ ਸਰੀਰ ਐ। ਕੀ ਹਾਲ ਹੋਊਗਾ ਉਹਦਾ? ਮੇਰੇ ਵੱਖੀ 'ਚ ਸੱਟ ਐ. ਗੱਲਾਂ ਕਰਦੇ ਤੋਂ ਵੀ ਦਰਦ ਹੁੰਦੈ...ਨਾਲੇ ਜੁਆਨ ਲਹੂ ਐ।...'

—ਆਪਣੇ ਫ਼ਿਕਰ ਕਰੇ ਤੋਂ ਤਾਂ ਕੁਸ਼ ਨੀ ਬਣਨਾ। ਹੁਣ ਚੰਗੇ ਭਲੇ ਤੁਰੇ ਜਾਂਦੇ ਸੀ, ਫਟਾਕ ਪਾਟ ਗਿਆ ਟਾਇਰ।...ਕਿਸੇ ਦੇ ਯਾਦ-ਚਿਤ ਸੀ, ਆਪਾਂ ਐਥੇ ਰਾਤ ਕੱਟਣੀ ਐ...?'

—ਜੇ ਕਹੇਂ ਤਾਂ ਮੈਂ ਹੋਰ ਫਟੱਕ ਰੋਕ ਲਾਂ ਕੋਈ?' ਬਾਸ਼ੇ ਨੇ ਪੁੱਛਿਆ।



Academy of the Punjab in North America: http://www.apnaorg.com

—ਕਾਹਤੋਂ ? ਮਾੜਾ ਜਿਹਾ ਚਾਨਣ ਹੋਣ ਦੇ, ਮੈਂ ਦੱਸ ਵਜੇ ਨੂੰ ਟਾਇਰ ਲੈ ਕੇ ਤੇਰੇ ਕੋਲ ਆ ਜਾਣੈ।' ਮਾਹਲਾ ਹੈਰਾਨ ਹੋਇਆ।

—ਚੰਗੀ ਕੰਪਨੀ ਦਾ ਟਾਇਰ ਲਿਆਈਂ ਕੋਈ, ਸਾਹਮਣਾ ਟਾਇਰ ਐ।'

—ਟਾਇਰ ਮਾੜਾ ਨੀ ਲਾਉਂਦਾ ਆਪਣਾ ਮਾਲਕ। ਇਹ ਤਾਂ ਪਤਾ ਨੀ ਕਿਵੇਂ ਪਾਟ ਗਿਆ। ਨਵਾਂ ਟਾਇਰ ਸੀ ਏਹ ਵੀ ?' ਫਿਰ ਉਸਨੇ ਆਪਣੇ ਖਲਾਸੀ ਨੂੰ ਕਿਹਾ...'ਮੇਰੇ ਆਉਂਦੇ ਨੂੰ ਕਿਥੇ ਨੇੜੇ ਦੀ ਦੁਕਾਨ ਤੇ ਟਾਇਰ ਖੁਲਵਾ ਕੇ ਰੱਖੀਂ। ਮੈਂ ਬਸ ਆਇਆ ਤੇ ਗਿਆ, ਜਦੋਂ ਨਸ਼ੇ-ਪੱਤੇ ਫੁੱਲ ਹੁੰਦੇ ਐ, ਉਦੋਂ ਰੇਲ ਆਪਣਾ ਕੀ ਮੁਕਾਬਲਾ ਕਰ ਲੂ ? ਉਦੋਂ ਤਾਂ ਮੈਂ ਭੂਤਾਂ ਅਰਗਾ ਹੁੰਨੈ।' ਕਹਿ ਕੇ ਮਾਹਲਾ ਆਪ ਹੀ ਹੱਸਿਆ।

ਸਾਰੇ ਹੱਸ ਪਏ।

—ਅਮਲੀਆ, ਉਹ ਜੁੱਤੀ ਵਾਲੀ ਗੱਲ ਕੀ ਸੀ...?' ਬਾਸ਼ੇ ਨੇ ਕਿਸੇ ਪੁਰਾਣੀ ਗੱਲ ਬਾਰੇ ਚੇਤਾ ਕਰਦਿਆਂ ਪੁੱਛਿਆ।

—ਕਿਹੜੀ ਜੁੱਤੀ ਵਾਲੀ...?' ਮਾਹਲੇ ਦੇ ਧਿਆਨ ਵਿਚ ਨਹੀਂ ਆਈ।

—ਉਹ ਯਾਰ...ਜਿਹੜੀ ਤੈਨੂੰ ਕਹਿੰਦੀ ਸੀ...'ਲਾਹਵਾਂ ਜੁੱਤੀ ...?

—ਅੱਛਾ ! ਅੱਛਾ !!' ਮਾਹਲਾ ਹੱਸ ਪਿਆ—'ਬਈ ਬਾਸ਼ਿਆ ਧਰਮ ਨਾਲ ਹੱਦ ਈ ਹੋਗੀ ਉਸ ਦਿਨ।...ਮੈਂ ਗਿਆ ਸੀ ਪਿੰਡ। ਇਕ ਦਿਨ ਕੋਠੇ ਤੇ ਫਿਰਦਾ ਸੀ, ਗੁਆਢੀਆਂ ਦੀ ਕੁੜੀ ਆਗੀ ਛੱਤ ਤੇ ; ਸੁਹਣੀ ਬਲਾ ਸੀ..., ਮੇਰੇ ਅੰਦਰੋਂ ਸੇਕ ਨਿਕਲ ਗਿਆ।...ਮੈਂ ਕਹਿ ਬੈਠਾ,...ਵਾਹ ਬਈ ਵਾਹ ! ਆਹ ਚੰਦ ਕਿਧਰੋਂ ਚੜ੍ਹ ਪਿਆ...? ਉਸਨੂੰ ਸੁਣ ਗਿਆ ਭਰਾਵਾ, ਮੈਨੂੰ ਆਂਹਦੀ 'ਲਾਹਵਾਂ ਜੁੱਤੀ...?' ਆਪਾਂ ਵੀ ਘੱਟ ਨੀ ਸੀ...ਮੈਂ ਆਖਿਆ,—'ਸਣੇ ਜੁੱਤੀ ਆ ਜਾ, ਮੇਰਾ ਕਿਹੜਾ ਅਖੰਡ ਪਾਠ ਖੋਲ੍ਹਿਆ ਵਿਐ'।

ਸਾਰਿਆਂ ਦਾ ਹਾਸਾ ਨਿਕਲ ਗਿਆ। ਇਉਂ ਹੀ ਦਿਨ ਚੜ੍ਹਨ ਲੱਗਾ। ਕੁਝ ਚਾਨਣ ਹੋ ਰਿਹਾ ਸੀ। ਮਾਹਲਾ ਜੀਤ ਨੂੰ ਨਾਲ ਲੈ ਕੇ ਟਰਾਂਸਪੋਰਟ ਵੱਲ ਟਾਇਰ ਲੈਣ ਤੁਰ ਗਿਆ।

× + × ×

Academy of the Punjab in North America: http://www.apnaorg.com

ਦਿਨ ਦੇ ਗਿਆਰਾਂ ਵਜੇ ਉਹ ਟਾਇਰ ਲੈ ਕੇ ਵਾਪਸ ਆਏ। ਮਾਹਲੇ ਦੇ ਖਲਾਸੀ ਨੇ, ਟਾਇਰ ਖੋਹਲ ਕੇ ਟਾਇਰਾਂ ਦੀ ਦੁਕਾਨ ਤੇ ਰਿਮ ਵਿਚੋਂ ਕੱਢਵਾ ਲਿਆ ਸੀ। ਨਵਾਂ ਟਾਇਰ ਫਿੱਟ ਕੀਤਾ। ਹਵਾ ਭਰੀ, ਫਿਰ ਖਲਾਸੀ ਰੇੜ੍ਹ ਕੇ ਗੱਡੀ ਕੋਲ ਲੈ ਆਇਆ।'

ਬਾਸ਼ਾ ਗੱਡੀ ਦੀ ਸੀਟ ਵਿਚ ਪਿਆ ਰਿਹਾ।

ਦੁਬਾਰਾ ਟਾਇਰ ਲਾ ਕੇ ਉਹ ਫਿਰ ਚੱਲ ਪਏ।

ਰਾਹ ਵਿਚ ਚਾਹਾਂ ਪੀਂਦੇ, ਰੋਟੀਆਂ ਖਾਂਦੇ, ਸੌਂਦੇ ਉਹ ਤੁਰੇ ਆਏ। ਰਾਹ ਵਿਚ ਕਿਤੇ ਐਕਸੀਡੈਂਟ, ਕਿਤੇ ਚੈਕਿੰਗ, ਕਿਤੇ ਜਾਮ... ਆਮ ਵਰਗੀ ਗੱਲ ਸੀ। ਜਿਥੇ ਕੋਈ ਐਕਸੀਡੈਂਟ ਹੋਇਆ ਹੁੰਦਾ, ਉਹ ਜ਼ਰਾ ਕੁ ਰੋਕਦੇ, ਫਿਰ ਤੁਰ ਪੈਂਦੇ। ਟੇਪ ਰੀਕਰਡਰ ਤੇ ਕਦੇ ਮਾਣਕ, ਕਦੇ ਛਿੰਦਾ—ਕਦੇ ਚਮਕੀਲਾ ਵੱਜਦਾ।

ਉਹ ਲੁਧਿਆਣੇ ਪਹੁੰਚ ਗਏ। ਸਫ਼ਰ ਕਾਰਨ ਸਾਰਿਆਂ ਦੇ ਚਿਹਰੇ ਉਤਰੇ ਜਿਹੇ ਸਨ। ਥਕਾਵਟ ਦੇ ਭੰਨੇ ਸਨ। ਘਰ ਪੰਜਾਬ ਵਿਚ ਆਉਣ ਤੇ ਦਿਲਾਂ ਵਿਚ ਖੁਸ਼ੀ ਵੀ ਸੀ।

—ਆਪਾਂ ਮਾਲ ਲਾਹ ਦੀਏ, ਮੈਂ ਤੈਨੂੰ ਪਿੰਡ ਈ ਛੱਡ ਆਊਂ। ਕਿੱਥੇ ਬੱਸ ਅੱਡੇ ਜਾਂਦਾ ਫਿਰੇਂਗਾ ?' ਮਾਹਲੇ ਨੇ ਅਪਣੱਤ ਨਾਲ ਕਿਹਾ।

—ਤੂੰ ਮੈਨੂੰ ਮੋਗੇ ਦੇ ਚੌਂਕ 'ਚ ਲਾਹਦੀਂ ਫੇਰ। ਪਿੰਡ ਮੈਂ ਆਪੇ ਚਲਾ ਜਾਊਂ।'

—ਠੀਕ ਐ, ਮੈਂ ਵੀ ਇਕ ਦਿਨ ਆਪਣੇ ਬਾਲ ਬੱਚਿਆਂ ਨੂੰ ਮਿਲ ਆਊਂ।' ਮਾਹਲੇ ਨੇ ਹਾਸੇ ਨਾਲ ਕਿਹਾ।

—ਤੇਰੇ ਕਿਹੜੇ ਬਾਲ ਬੱਚੇ ਐ ਉਏ।' ਬਾਸ਼ੇ ਨੇ ਛੇੜਿਆ।

—ਵਾਹ ! ਸਾਡੇ ਪਿੰਡ ਤਾਂ ਜਾ ਕੇ ਪੁੱਛੀਂ। ਗਲੀਆਂ ਮੁਹੱਲਿਆਂ 'ਚ ਜਿੰਨੇ ਖੇਡਦੇ ਐ, ਆਪਣੇ ਈ ਐਂ।' ਸਾਰੇ ਫੇਰ ਹੱਸ ਪਏ।

ਮਾਲ ਖਾਲੀ ਕਰਕੇ, ਉਹਨਾਂ ਟਰੱਕ ਮੋਗੇ ਦੇ ਰਾਹ ਪਾ ਲਿਆ। ਮੁਲਾਂਪੁਰ, ਲੰਘਦੇ ਉਹ ਮੋਗੇ ਦੇ ਚੌਕ ਵਿਚ ਆ ਗਏ।...

ਬਾਸ਼ਾ ਤੇ ਜੀਤੂ ਉਤਰੇ। ਆਪਣਾ-ਆਪਣਾ ਬੈਗ ਮੋਢੇ ਪਾਇਆ।

—ਤੈਨੂੰ ਪਿੰਡ ਈ ਲੈ ਚੱਲਾਂ ਅੱਜ ?' ਬਾਸ਼ੇ ਨੇ ਸੁਲਾਹ ਮਾਰੀ। ...

Academy of the Punjab in North America: http://www.apnaorg.com

—ਵਾਹ ! ਜਿਹੜੇ ਜੁਆਕ ਮੈਨੂੰ ਉਡੀਕਦੇ ਹੋਣਗੇ...ਉਹਨਾਂ ਨੂੰ ਕੌਣ ਮਿਲੂ ?'

ਮਾਹਲਾ ਹੱਸਿਆ । ਫਿਰ ਇਕ ਦਮ ਗੰਭੀਰ ਹੋ ਗਿਆ ।...'ਅੱਛਾ ਸੁਣ, ਮਾਰਵਾੜੀ ਸੇਠ ਵਾਲੀ ਗੱਲ ਯਾਦ ਹੈ ਨਾ...?'

—ਹਾਂਅ ਯਾਦ ਐ ।'

—ਮੈਂ ਪਰਸੋਂ ਆਊਂ ਤੇਰੇ ਕੋਲ ਗੱਡੀ ਲੈ ਕੇ ਪਿੰਡ । ਜੇ ਤੇਰਾ ਇਰਾਦਾ ਹੋਇਆ ਤਾਂ ਮੁੜ ਚੱਲਾਂਗੇ । ਏਥੇ ਕੀ ਕਰਨੈਂ ?'

—ਠੀਕ ਐ, ਪਰਸੋਂ ਆਈਂ ।—

ਮਾਹਲਾ ਫਤੇਹ ਬੁਲਾਕੇ ਗੀਅਰ ਲਾ ਕੇ ਤੁਰ ਪਿਆ ।

ਕੁਝ ਪਲ ਬਾਸ਼ਾ ਤੇ ਜੀਤੂ ਜਾਂਦੇ ਟਰੱਕ ਵਲ ਵੇਂਹਦੇ ਰਹੇ, ਫਿਰ ਬਾਸ਼ੇ ਨੇ ਜੀਤੂ ਨੂੰ ਪੁੱਛਿਆ ।...'ਚੱਲੇਂਗਾ ਪਿੰਡ ਨੂੰ ਨਾਲ ਈ...?'

—ਨਹੀਂ ਉਸਤਾਦ, ਮੈਂ ਏਥੋਂ ਬੱਸ ਫੜਕੇ ਜਾਨੈਂ: ਫੇਰ ਆਊਂਗਾ । ਮੈਂ, ਸ਼ਾਇਦ ਕੱਲ੍ਹ ਨੂੰ ਆਵਾਂ, ਨਾਲੇ ਬੇਬੇ ਦਾ ਪਤਾ ਲੈ ਆਊਂ ।'

—ਠੀਕ ਐ ।'

—ਚੰਗਾ ਸਾਸਰੀਕਾਲ ।' ਆਖ ਕੇ ਜੀਤੂ ਬੱਸ ਅੱਡੇ ਨੂੰ ਤੁਰ ਗਿਆ ।

ਬਾਸ਼ਾ ਪਿੰਡ ਜਾਣ ਲਈ, ਥਰੀ ਵੀਲਰ ਟੈਂਪੂਆਂ ਦੇ ਅੱਡੇ ਤੇ ਆ ਗਿਆ ।

ਉਥੇ ਉਸ ਨੂੰ ਪਿੰਡ ਦੇ ਬੰਦੇ ਮਿਲੇ । ਬਾਸ਼ੇ ਨੇ ਉਹਨਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ।

—ਅਜੇ ਆ ਹੀ ਰਿਹੈਂ...?' ਇਕ ਨੇ ਪੁੱਛਿਆ ।

—ਹਾਂ ।' ਬਾਸ਼ੇ ਦੇ ਮੂੰਹੋਂ ਨਿਕਲਿਆ ।

—ਬਹੁਤ ਮਾੜਾ ਹੋਇਆ, ਬਾਸ਼ਿਆ ਤੇਰੇ ਨਾਲ ਬਈ ।' ਇਕ ਹੋਰ ਨੇ ਕਿਹਾ ।

ਬਾਸ਼ੇ ਨੇ ਸਮਝਿਆ, ਸ਼ਾਇਦ ਇਹਨਾਂ ਨੂੰ ਐਕਸੀਡੈਂਟ ਬਾਰੇ ਪਤਾ ਲੱਗ ਗਿਆ ਹੋਵੇਗਾ ।

—ਵਿਚਾਰੀ ਦਾ ਮੂੰਹ ਵੀ ਨੀ ਵੇਖ ਸਕਿਆ । ਏਸੇ ਗੱਲੋਂ ਤਾਂ ਕਹਿੰਦੇ ਐ, ਪਰਦਸ਼ਾਂ ਦੀ ਨੌਕਰੀ ਬੁਰੀ ।'...

Academy of the Punjab in North America: http://www.apnaorg.com

—ਕੀ ਹੋਇਆ...?' ਬਾਸ਼ੇ ਨੇ ਕਾਹਲੀ ਨਾਲ ਪੱਛਿਆ।...

—ਤੈਨੂੰ ਪਤਾ ਨੀ ਹੈ...?' ਪਿੰਡ ਵਾਲੇ ਸਾਰੇ ਹੈਰਾਨ ਹੋਏ।

—ਤੇਰੀ ਮਾਂ ਪੂਰੀ ਹੋਗੀ। ਅੱਜ ਭੋਗ ਐ। ਅਸੀਂ ਤਾਂ ਸੋਚਿਆ—ਤੂੰ ਭੋਗ ਤੇ ਆਇਐ...?'

—ਬੇਬੇ ਨਹੀਂ ਰਹੀ...?' ਬਾਸ਼ੇ ਦੇ ਬੋਲ ਪਾਟ ਗਏ।...ਫਿਰ ਉਸ ਨੇ ਆਸੇ ਪਾਸੇ ਦੇਖਿਆ, ਏਥੇ ਭਾਵੁਕ ਹੋਣਾ ਠੀਕ ਨਹੀਂ ਸੀ। ਆਪਣੇ ਆਪ ਨੂੰ ਜ਼ਬਤ ਵਿਚ ਰੱਖਣ ਦੀ ਕੋਸ਼ਿਸ਼ ਕਰਨ ਲੱਗਾ। ਕੁਝ ਪਲ ਉਸ ਤੋਂ ਬੋਲਿਆ ਨਾ ਗਿਆ। ਮਾਂ ਉਵੇਂ ਦਿੱਸੀ, ਬਰੂਹਾਂ 'ਚ ਖੜ੍ਹੀ, ਅੱਖਾਂ ਭਰੀਆਂ ਹੋਈਆਂ, ਬਾਸ਼ੇ ਵਲ ਇਕ ਟੱਕ ਦੇਖ ਰਹੀ...।...ਉਸਦਾ ਹਉਕਾ ਨਿਕਲ ਗਿਆ। ਹੌਲੀ ਜਿਹੀ ਬੋਲਿਆ;

—ਇਕ ਚਿੱਠੀ ਆਈ ਸੀ...ਬੇਬੇ ਦੇ ਸੱਟ ਲੱਗੀ ਐ, ਜਦੋਂ ਏਧਰ ਆਉਣ ਲੱਗਾ, ਗੱਡੀ ਦਾ ਐਕਸੀਡੈਂਟ ਹੋ ਗਿਆ।...'

—ਬਹੁਤ ਦੁੱਖੀ ਹੋ ਕੇ ਮਾਰੀ ਵਿਚਾਰੀ। ਜਦੋਂ ਸੁਰਤ 'ਚ ਆਉਂਦੀ ਸੀ... ਤੈਨੂੰ 'ਵਾਜਾਂ ਮਾਰਦੀ ਸੀ...।'

ਹੁਣ ਬਾਸ਼ੇ ਤੋਂ ਰੋਣ ਰੋਕਿਆ ਨਹੀਂ ਗਿਆ।

—ਹੌਂਸਲਾ ਰੱਖ, ਹੁਣ ਰੋਇਆਂ ਕੀ ਬਣਦੈ। ਬਜ਼ੁਰਗ ਕੰਮ ਭਾਵੇਂ ਨਾ ਕਰਨ, ਬੈਠਿਆਂ ਦਾ ਈ ਬੜਾ ਆਸਰਾ ਹੁੰਦੈ।'

ਟੈਂਪੂ ਦੇ ਤੁਰਨ ਦਾ ਵਕਤ ਹੋ ਗਿਆ ਸੀ। ਬਾਸ਼ਾ ਸੋਚ ਰਿਹਾ ਸੀ...'ਕਿਵੇਂ ਜਾਵੇਗਾ ਘਰ? ਕਿਵੇਂ ਮੱਥੇ ਲੱਗੇਗਾ ਉਹਨਾਂ ਦੇ? ਉਸਦਾ ਜੀਅ ਕਰਦਾ ਸੀ; ਭੱਜ ਜਾਵੇ ਕਿਧਰੇ ਦੂਰ...

ਟੈਂਪੂ ਪਿੰਡ ਦੀ ਲਿੰਕ ਰੋਡ ਵਲ ਮੁੜ ਪਿਆ। ਦਸਾਂ ਪੰਦਰਾਂ ਮਿੰਟਾਂ ਵਿਚ ਉਸਨੇ ਘਰ ਦੇ ਸਾਹਮਣੇ ਹੋਣਾ ਸੀ। ਬਾਸ਼ੇ ਦਾ ਦਿਲ ਫਟੱਕ-ਫਟੱਕ ਵਜ ਰਿਹਾ ਸੀ।

ਉਹ ਟੈਂਪੂ ਵਿਚੋਂ ਉਤਰਿਆ। ਕਿਰਾਇਆ ਦਿੱਤਾ, ਬੈਗ ਮੋਢੇ ਪਾ ਕੇ ਤੁਰ ਪਿਆ।

ਘਰ ਦੇ ਸਾਹਮਣੇ ਕਾਫੀ ਇਕੱਠ ਸੀ। ਭੋਗ ਸੀ, ਸਾਰੇ ਰਿਸ਼ਤੇਦਾਰ ਆਏ ਹੋਏ ਸਨ। ਪਿੰਡ ਦੇ ਲੋਕ ਵੀ ਸਨ। ਸਪੀਕਰ ਤੇ ਪਾਠ ਹੋ ਰਿਹਾ ਸੀ।

Academy of the Punjab in North America: http://www.apnaorg.com

ਬਾਸ਼ਾ ਜਕੋ ਤੱਕੀ ਵਿਚ ਸੀ । ਉਹ ਮਾਂ ਜਿਹੜੀ ਸਾਰੇ ਕੰਮ ਛੱਡ ਕੇ ਉਸ ਨੂੰ ਬੁੱਕਲ ਵਿਚ ਲੈ ਲੈਂਦੀ ਹੁੰਦੀ ਸੀ, ਨਹੀਂ ਰਹੀ । ਉਹ ਕਿਵੇਂ ਘਰ ਅੰਦਰ ਜਾਵੇ । ਏਨੇ ਨੂੰ ਕਿਸੇ ਰਿਸ਼ਤੇਦਾਰ ਦੀ ਨਿਗਾਹ ਉਸ ਤੇ ਪਈ... ਫਿਰ ਤਾਂ 'ਬਖਸ਼ੀਸ਼ ਸਿੰਘ ਆ ਗਿਆ, ਬਖਸ਼ੀਸ਼ ਸਿਹੁੰ ਆ ਗਿਆ...' ਹੋ ਗਈ ।

ਉਸਦੀਆਂ ਮਾਸੀਆਂ—ਤਾਈਆਂ ਭੈਣਾਂ ਉਸ ਨੂੰ ਆ ਚਿੰਬੜੀਆਂ ਤੇ ਹੁਣ ਬਾਸ਼ਾ ਦੀਆਂ ਵੀ ਧਾਹਾਂ ਨਿਕਲ ਗਈਆਂ ।

ਉਸਦਾ ਬਾਪੂ, ਉਸ ਦੇ ਬੱਚੇ, ਉਸ ਦੀ ਪਤਨੀ ਫਿਰ ਉਹਨਾਂ ਦਾ ਕੁਰਲਾਹਟ ਪੈ ਗਿਆ । ਪਾਸੇ ਬੈਠੀਆਂ ਹੋਰ ਤੀਵੀਆਂ ਵੀ ਰੋਣ ਲੱਗੀਆਂ ।

—ਗੱਲ ਕਰੋ ਕਮਲਿਓ—ਬਾਹਰੋਂ ਆਇਐ—ਪਾਣੀ ਧਾਣੀ ਪੁਛੋ ਸੋ ਕਿਸੇ ਸਿਆਣੇ ਬਜ਼ੁਰਗ ਨੇ ਕਿਹਾ ।—

ਪਰ ਇਹ ਸਾਰਾ ਕੁਝ ਕਿਸੇ ਦੇ ਵੱਸ ਦੀ ਗੱਲ ਸੀ ?

—ਕੀ ਕਰੇ ਵਿਚਾਰਾ, ਇਹਦੇ ਭਾਅ ਦੀ ਤਾਂ ਜਦੋਂ ਦਾ ਗਿਐ, ਉਦੋਂ ਦੀ ਹੀ ਮਰਗੀ । ਇਕ ਬਿਰਧ ਔਰਤ ਬੋਲੀ ।

ਬਹੁਤ ਦੇਰ ਮਗਰੋਂ ਸਾਰੇ ਸ਼ਾਂਤ ਹੋਏ । ਇਕ ਨੇ ਬਾਸ਼ੇ ਨੂੰ ਪਾਣੀ ਦਾ ਗਲਾਸ ਫੜਾਉਣਾ ਚਾਹਿਆ, ਪਰ ਉਸ ਨੇ ਪੀਤਾ ਨਹੀਂ ।

—ਚਿੱਠੀ ਨੀ ਮਿਲੀ ਤੈਨੂੰ ਸਾਡੀ—' ਉਸ ਦੇ ਬਾਪੂ ਨੇ ਸਾਫੇ ਦੇ ਲੜ ਨਾਲ ਨੱਕ ਦਾ ਪਾਣੀ ਪੂੰਝਦਿਆਂ ਕਿਹਾ ।

—ਇਕ ਚਿੱਠੀ ਮਿਲੀ ਸੀ...ਸੱਟ ਵੱਜੀ ਦੀ—, ਬੱਸ ।'

—ਅਸੀਂ ਤਾਰ ਵੀ ਪਾਈ...ਚਿੱਠੀਆਂ ਵੀ ਪਾਈਆਂ । ਇਕ ਦਿਨ ਵਿਚਾਰੀ ਦਾ ਸਸਕਾਰ ਵੀ ਰੋਕ ਲਿਆ । ..' ਉਹ ਫੇਰ ਰੋਣ ਲੱਗਾ ।

—ਮੇਰਾ ਐਕਸੀਡੈਂਟ ਹੋ ਗਿਆ ਸੀ, ਪਸਲੀਆਂ ਟੁੱਟ ਗਈਆਂ ਸੀ ।' ਉਸਨੇ ਕੁੜਤਾ ਚੁੱਕ ਕੇ ਵਿਖਾਇਆ । ਅਜੇ ਪਲੱਸਤਰ ਵਾਲਾ ਪਟਾ ਲੱਗਿਆ ਹੋਇਆ ਸੀ ।

ਉਦੋਂ ਹੀ ਦੋ ਹੋਰ ਤੀਵੀਆਂ ਆਕੇ ਬਾਸ਼ੇ ਦੇ ਗਲ ਲਗ ਗਈਆਂ, ਵੈਣ ਪਾਉਣ ਲੱਗੀਆਂ ।

ਉਸ ਦੇ ਪਿਉ ਨੇ ਮਸਾਂ ਕਹਿਕੇ ਉਹਨਾਂ ਨੂੰ ਵਰਜਿਆ—'ਗੱਲਾ ਨਾ ਕਰੋ ।' ਸਪੀਕਰ ਤੇ ਭਾਈ ਜੀ ਬੋਲਿਆ :

Academy of the Punjab in North America: http://www.apnaorg.com

—ਨਗਰ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ, ਕਿ ਭੋਗ ਦੀ ਬਿਲਕੁਲ ਤਿਆਰੀ ਹੈ। ਨੌਵੀਂ ਪਾਤਸ਼ਾਹੀ ਦੇ ਸ਼ਲੋਕ ਸ਼ੁਰੂ ਹੋਣ ਲੱਗੇ ਹਨ। ਅੰਤਮ ਅਰਦਾਸ ਵਿਚ ਸ਼ਾਮਲ ਹੋਣ ਲਈ ਸਾਰੇ ਪਹੁੰਚੋ ਭਾਈ।...

ਤੇ ਉਹ ਸ਼ਲੋਕ ਪੜ੍ਹਨ ਲੱਗਾ।

—ਰੋਟੀ ਖਾ ਲੈਂਦੇ। ਬਾਸ਼ੇ ਦੀ ਘਰ ਵਾਲੀ ਨੇ ਅੱਖਾਂ ਪੂੰਝਦਿਆਂ, ਆਏ ਲੋਕਾਂ ਤੋਂ ਅੱਧਾ ਘੁੰਡ ਕਢਦਿਆਂ ਪੁੱਛਿਆ।

—ਭੁੱਖ ਨੀ। ਬਾਸ਼ੇ ਨੇ ਕਿਹਾ।

—ਮੈਂ ਪਾ ਕੇ ਰੱਖੀ ਐ ਅੰਦਰ। ਉਹ ਚਾਹੁੰਦੀ ਸੀ, ਬਾਸ਼ਾ ਅੰਦਰ ਆਵੇ, ਉਹ ਇਕੱਲੀ ਉਸ ਕੋਲ ਦੋ ਘੜੀਆਂ ਬਹੇ।

—ਰੋਟੀ ਖਾ ਲਾ ਸ਼ੇਰਾ, ਏਹ ਛੱਡੀ ਜਾਣੀ ਐ। ਇਕ ਹੋਰ ਨੇ ਕਿਹਾ।

—ਭੁੱਖ ਈ ਨੀ।

—ਜਿੰਨੀ ਲੋੜ ਐ ਖਾਇਆ। ਦੋ ਤਿੰਨ ਇਕੱਠੇ ਹੀ ਬੋਲੇ।

ਬਾਸ਼ਾ ਉਠ ਕੇ ਘਰ ਵਾਲੀ ਦੇ ਮਗਰ ਅੰਦਰ ਚਲਿਆ ਗਿਆ।

—ਕਿਥੇ ਵੱਜੀ ਐ ਸੱਟ—? ਘਰ ਵਾਲੀ ਨੂੰ ਜਿਵੇਂ ਹੌਲ ਪੈਣ ਲੱਗਾ ਹੋਵੇ।

ਬਾਸ਼ੇ ਨੇ ਕੁੜਤਾ ਉਤਾਂਹ ਚੁੱਕਿਆ। ਉਸ ਦੀ ਘਰ ਵਾਲੀ ਨੇ ਪੱਟੇ ਤੇ ਉਂਗਲਾਂ ਦੇ ਪੋਟੇ ਛੁਹਾਏ, ਦੋ ਕੁ ਹਿਚਕੀਆਂ ਲਈਆਂ ਤੇ ਰੋਣ ਲੱਗ ਪਈ।...

— ਸਾਨੂੰ ਕੀ ਪਤਾ ਸੀ, ਅਸੀਂ ਸੋਚੀ ਜਾਂਦੇ ਸੀ ਪਤਾ ਨੀ ਕਾਹਤੋਂ ਨੀ ਆਏ...?' ਰੋਂਦੀ ਰੋਂਦੀ ਨੇ ਕਿਹਾ।

ਬਾਸ਼ਾ ਮੰਜੇ ਤੇ ਬਹਿ ਗਿਆ। ਦੋਵੇਂ ਬੱਚੇ ਆ ਗਏ। ਬਾਸ਼ਾ ਨੇ ਦੋਹਾਂ ਨੂੰ ਚੁੱਕਿਆ, ਪਿਆਰ ਕੀਤਾ।

ਬਾਹਰ ਵਿਹੜਾ ਲੋਕਾਂ ਦੇ ਇਕੱਠ ਨਾਲ ਭਰਿਆ ਹੋਇਆ ਸੀ।

ਕੁਝ ਦੇਰ ਬਾਅਦ ਅੰਤਮ ਅਰਦਾਸ ਲਈ ਸਾਰੇ ਉਠ ਖੜੇ ਹੋਏ। ਬਾਸ਼ਾ ਬਾਹਰ ਆ ਗਿਆ।

ਵਾਕ ਲਿਆ, ਭੋਗ ਪੈ ਗਿਆ। ਲੋਕ...'ਸਬਰ ਕਰੋ ਭਾਈ—' ਵਰਗੀਆਂ

Academy of the Punjab in North America: http://www.apnaorg.com

ਗੱਲਾਂ ਕਹਿੰਦੇ ਜਾਣ ਲੱਗੇ । ਦੂਰੋਂ ਆਏ ਜਿਹਨਾਂ ਰਿਸ਼ਤੇਦਾਰਾਂ ਰੋਟੀ ਨਹੀਂ ਸੀ ਖਾਧੀ, ਉਹਨਾਂ ਨੂੰ ਖੁਆਈ ਗਈ ।

ਆਥਣ ਵੇਲੇ ਜਦੋਂ ਦਰੀਆਂ ਪੱਟੀਆਂ ਮਾਂਭ ਰਹੇ ਸਨ ਤਾਂ ਬਾਸ਼ੇ ਨੂੰ ਬੇਬੇ ਬਿਨਾ ਸੁੰਨਾ ਹੋਇਆ ਘਰ...ਭਾਂ-ਭਾਂ ਕਰਦਾ ਲਗਦਾ ਸੀ ।

× × × ×

ਅਗਲੇ ਦਿਨ ਜੀਤੂ ਆ ਗਿਆ । ਪਿੰਡ ਦੇ ਹੋਰ ਲੋਕ ਵੀ ਬਾਸ਼ੇ ਕੋਲ ਅਫਸੋਸ ਕਰਨ ਆਉਂਦੇ ਰਹੇ । ਗੁਰਦੇਵ ਦੇ ਮਾਂ ਪਿਉ ਵੀ ਆਏ ।

ਉਸ ਦੀ ਬੇਬੇ ਦੇ ਚੰਗੇ ਕੰਮਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ । ਆਥਣੇ ਮਾਹਲਾ ਅਮਲੀ ਟਰੱਕ ਲੈ ਕੇ ਆ ਗਿਆ ।

ਬਾਸ਼ਾ ਹੈਰਾਨ ਹੋਇਆ... 'ਤੂੰ ਤਾਂ ਕੱਲ੍ਹ ਨੂੰ ਆਉਣਾ ਸੀ ?

—ਸਾਡਾ ਅੱਜ ਵੀ ਉਹੋ ਜਾ, ਸਾਡਾ ਕੱਲ੍ਹ ਵੀ ਉਹੋ ਜਾ । ਜਿਨ੍ਹਾਂ ਨੂੰ ਮਿਲਣਾ ਸੀ, ਮਿਲ ਲਿਆ...' ਆਖਕੇ ਮਾਹਲਾ ਬਾਸ਼ੇ ਦੇ ਪਿਉ ਕੋਲ ਅਫਸੋਸ ਕਰਨ ਲੱਗਾ ।

ਟਰੱਕ ਆਇਆ ਵੇਖ ਕੇ ਗੁਰਦੇਵ ਦਾ ਪਿਉ ਆ ਗਿਆ । ਉਸ ਨੇ ਬਾਸ਼ੇ ਨੂੰ ਜਾਣ ਬਾਰੇ ਪੁੱਛਿਆ ।

—ਬਣੌਨੇ ਐਂ ਸਲਾਹ । ਬਾਸ਼ਾ ਢਿੱਲਾ ਜਿਹਾ ਬੋਲਿਆ ।

—ਜੇ ਜਾਣਾ ਹੋਇਆ ਤਾਂ ਘਿਉ ਲੈ ਜੀਂ ਗੁਰਦੇਵ ਆਸਤੇ ।

—ਓਥੇ ਕੀਹਨੇ ਖਾਣ ਦੇਣੈ ਘਿਉ ਉਸ ਨੂੰ । ਬਾਸ਼ੇ ਨੇ ਕਿਹਾ ।

—ਦੱਸ ਪੰਦਰਾਂ ਦਿਨ ਤਾਂ ਰੁੱਕ ਜਾ । ਉਸ ਦੀਆਂ ਗੱਲਾਂ ਸੁਣਕੇ ਬਾਸ਼ੇ ਦੇ ਪਿਉ ਨੇ ਕਿਹਾ ।

—ਦੇਖ ਲਾ ਬਾਪੂ ! ਊ ਐਥੇ ਕਰੂੰਗਾ ਵੀ ਕੀ..., ਬੇਬੇ ਬਿਨਾਂ ਤਾਂ ਊਂ ਈ ਘਰ ਸੁੰਨਾ ਸੁੰਨਾ ਲਗਦੈ ।'

ਫਿਰ ਹੋਰ ਗੱਲਾਂ ਹੁੰਦੀਆਂ ਰਹੀਆਂ । ਮੌਕਾ ਵੇਖ ਕੇ ਬਾਸ਼ਾ ਦੀ ਘਰ ਵਾਲੀ ਨੇ ਪੁੱਛਿਆ—'ਸੱਚੀਂ ਜਾਣੈਂ ?'

—ਕੁਸ਼ ਸਮਝ ਨੀ ਔਂਦੀ ਕੀ ਕਰਾਂ ? ਐਤਕੀਂ ਕਿਸੇ ਹੋਰ ਮਾਲਕ ਦੀ

Academy of the Punjab in North America: http://www.apnaorg.com

ਗੱਡੀ ..ਣਨੀ ਐਂ। ਉਸ ਨੂੰ ਕਹਿ ਕੇ ਆਇਆ ਸੀ ਛੇਤੀ ਮੁੜ ਆਵਾਂਗਾ। ਉਥੇ ਜਾਕੇ ..ਰਾ ਲਊਂ ਕੋਈ ਤੇ ਤੈਨੂੰ ਵੀ ਲੈ ਜਾਣੈ ਓਥੇ।...

—ਬਾਪੂ ਦੀ ਰੋਟੀ ਕੌਣ ਪਕਾਊ—?

ਪਤਨੀ ਦੀ ਗੱਲ ਸੁਣ ਕੇ ਬਾਸ਼ਾ ਸੋਚੀਂ ਪੈ ਗਿਆ।

—ਸੱਟ ਵੱਜੀ ਐ। ਏਥੇ ਰਹਿਕੇ ਚਾਰ ਦਿਨ ਦੁੱਧ-ਘਿਉ ਖਾ ਪੀ ਜਾਂਦੇ। ਕੰਮ ਤਾਂ ਮੁਕਨੇ ਈ ਨੀ ਸਾਰੀ ਉਮਰ।' ਅੱਖਾਂ 'ਚ ਤਰਸੇਵਾਂ ਜਿਹਾ ਭਰਕੇ ਉਸਦੀ ਘਰ ਵਾਲੀ ਬੋਲੀ।

ਬਾਸ਼ਾ ਕੁਝ ਨਹੀਂ ਬੋਲਿਆ। ਪਿੰਡ ਵਿਚੋਂ ਮਿਲਣ ਵਾਲੇ ਕੁਝ ਹੋਰ ਬੰਦੇ ਆ ਗਏ। ਬਾਹਰ ਆਕੇ ਬਾਸ਼ਾ ਉਹਨਾਂ ਕੋਲ ਬੈਠ ਗਿਆ।

ਕੰਮ ਕਰਦੀ ਫਿਰਦੀ ਉਸ ਦੀ ਪਤਨੀ ਦੇ ਚਿਹਰੇ ਤੇ ਰੋਸਾ ਤੇ ਦੁੱਖ ਜਿਹਾ ਪ੍ਰਤੱਖ ਝਲਕਦਾ ਸੀ। ਉਸ ਨੂੰ ਪੱਕ ਹੋ ਗਿਆ ਸੀ, ਬਾਸ਼ਾ ਕੱਲ ਸਵੇਰ ਨੂੰ ਤੁਰ ਜਾਵੇਗਾ, ਰੁਕੇਗਾ ਨਹੀਂ। ਪਹਿਲਾਂ ਵੀ ਉਹ ਇਵੇਂ ਕਰਦਾ ਹੁੰਦਾ ਸੀ, ਕਿਸੇ ਦੀ ਘੱਟ ਹੀ ਮੰਨਦਾ ਸੀ।

ਬਾਸ਼ਾ ਨਹੀਂ ਸੀ ਚਾਹੁੰਦਾ, ਪਤਨੀ ਨੂੰ ਜਾਣ ਬਾਰੇ ਦੱਸ ਕੇ ਉਸ ਦਾ ਹੁਣੇ ਹੀ ਚਿੱਤ ਖ਼ਰਾਬ ਕਰੇ। ਉਂਜ ਪਤਾ ਨਹੀਂ ਕਿਉਂ ਉਸ ਨੂੰ ਵੀ ਸਮਝ ਨਹੀਂ ਸੀ ਆਉਂਦੀ, ਉਹ ਘਰੋਂ ਛੇਤੀ ਹੀ ਦੂਰ ਚਲੇ ਜਾਣਾ ਚਾਹੁੰਦਾ ਸੀ।

ਰਾਤ ਦੀ ਰੋਟੀ ਖਾਕੇ ਉਹ ਪੈ ਗਏ। ਮਾਹਲਾ ਤੇ ਜੀਤੂ ਬਾਸ਼ਾ ਦੇ ਬਾਪੂ ਕੋਲ ਪਏ। ਮਾਹਲੇ ਦਾ ਖਲਾਸੀ ਟਰੱਕ ਵਿਚ ਹੀ ਸੌਂ ਗਿਆ।

ਦਿਨ ਚੜ੍ਹਿਆ ਤੇ ਬਾਸ਼ੇ ਨੇ ਜਾਣ ਦੀ ਤਿਆਰੀ ਕਰ ਲਈ। ਪਤਨੀ ਵੀ ਹੈਰਾਨ ਹੋਈ ਤੇ ਉਸਦਾ ਬਾਪੂ ਵੀ।

—ਦੋ ਚਾਰ ਦਿਨ ਹੋਰ ਰੁੱਕ ਜਾਂਦਾ। ਬਾਪੂ ਨੇ ਮੋਹ ਨਾਲ ਕਿਹਾ।

—ਤਿੰਨ ਚਾਰ ਮਹੀਨੇ ਬਾਅਦ, ਕੱਠਾ ਹੀ ਮਹੀਨਾ ਲਾਕੇ ਜਾਊਂਗਾ।'

ਚੌਂਕੇ ਵਿਚ ਰੋਟੀਆਂ ਪਕਾਉਂਦੀ ਬਾਸ਼ੇ ਦੀ ਪਤਨੀ ਅੱਖਾਂ ਪੂੰਝ ਰਹੀ ਸੀ।

ਸਾਰਿਆਂ ਨੇ ਸਵੇਰ ਦਾ ਨਾਸ਼ਤਾ ਕਰਕੇ ਚਾਹ ਪੀਤੀ।

ਮਾਹਲੇ ਨੇ ਜਾਕੇ ਟਰੱਕ ਸਟਾਰਟ ਕੀਤਾ, ਤੇ ਘੁੰਮਾਕੇ ਘਰ ਦੇ ਸਾਹਮਣੇ ਲਿਆ ਖਿਲਾਰਿਆ।

Academy of the Punjab in North America: http://www.apnaorg.com

ਬਾਸ਼ੇ ਨੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਬੁਲਾਈ। ਪਿੰਡ ਵਿਚ ਜਾਣ ਪਛਾਣ ਵਾਲੇ ਵੀ ਆ ਗਏ ਸਨ।

ਉਸਨੇ ਬੱਚਿਆਂ ਨੂੰ ਪਿਆਰ ਕੀਤਾ। ਅੰਦਰ ਤਖ਼ਤੇ ਦਾ ਸਹਾਰਾ ਲਈ ਖੜ੍ਹੀ ਪਤਨੀ ਵਲ ਤਰਸੇਵੇਂ ਅਤੇ ਮਾਫੀ ਮੰਗਣ ਵਾਲਿਆਂ ਵਾਂਗ ਝਾਕਿਆ। ਉਹ ਲਗਾਤਾਰ ਰੋ ਰਹੀ ਸੀ। ਸਬਰ ਕਰਕੇ ਘਰ ਵਲੋਂ ਇਕ ਦਮ ਮੂੰਹ ਮੋੜ ਕੇ ਬਾਸ਼ਾ ਟਰੱਕ ਵਿਚ ਆਣ ਬੈਠਾ। ਮਨ ਭਰਿਆ ਹੋਇਆ ਸੀ।

ਲਿੰਕ ਰੋਡ ਪੈਂਦਾ ਟਰੱਕ ਜੀ. ਟੀ. ਰੋਡ ਤੇ ਆਣ ਚੜ੍ਹਿਆ ਬਾਸ਼ੇ ਨੂੰ ਤਖਤੇ ਨਾਲ ਲੱਗੀ ਖੜੀ ਪਤਨੀ ਦਿਸੀ, ਉਵੇਂ ਰੋਂਦੀ ਹੋਈ। ਮਾਹਲੇ ਨੇ ਟੇਪ ਰੀਕਾਰਡਰ ਲਾ ਦਿਤਾ। ਗਾਣਾ ਵੱਜ ਉਠਿਆ।

ਸਾਨੂੰ ਪਰਦੇਸੀਆਂ ਨੂੰ ਯਾਦ ਕਰਕੇ,<br>
ਨੀ ਕਾਹਨੂੰ ਅੱਥਰੂ ਵਹਾਉਂਦੀ ... ...

ਖਿੜਕੀ ਤੋਂ ਮੂੰਹ ਬਾਹਰ ਕੱਢ ਕੇ ਬਾਸ਼ੇ ਨੇ ਅੱਖਾਂ ਪੂੰਝੀਆਂ। ਟਰੱਕ ਆਪਣੀ ਫੁੱਲ ਸਪੀਡ ਤੇ ਜੀ. ਟੀ. ਰੋਡ ਉਪਰ ਦਹਾੜਦਾ ਜਾ ਰਿਹਾ ਸੀ।

Academy of the Punjab in North America: http://www.apnaorg.com